# ਗੁਆਚੇ ਹੱਥ ਦੀ ਤਲਾਸ਼

(ਮਿੰਨੀ ਕਹਾਣੀਆਂ)

ਡਾ. ਬਲਦੇਵ ਸਿੰਘ ਖਹਿਰਾ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

**Guache Hatth Di Talaash**
(Mini Stories)
by : Dr. Baldev Singh Khaira
# 658, Phase-3B1, Mohali
Mob. : 98720-07658, 98720-03658
Email : drbaldevkhaira@gmail.com
gurmindersidhu13@gmail.com

Blog : minnikahanianbaldev.blogspot.com

Title designed by T. Singh

ISBN : 978-81-7914-378-0

Edition : 2019

Price : Rs. 200

**Published by :**

Tarlochan Publishers
3236, Sector 15-D, Chandigarh
Ph. : 98146-73236, 0172-4613236
E-mail : tpublishers3236@gmail.com

---

**ਗੁਆਚੇ ਹੱਥ ਦੀ ਤਲਾਸ਼, ਲੇਖਕ** : ਡਾ. ਬਲਦੇਵ ਸਿੰਘ ਖਹਿਰਾ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015
**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

## ਸਮਰਪਣ

ਉਹਨਾਂ ਮਾਵਾਂ ਨੂੰ
ਜਿਹੜੀਆਂ
ਆਪਣੇ ਬੱਚਿਆਂ ਨੂੰ ਪਿਆਰ ਨਾਲ ਪਾਲ-ਪੋਸ ਕੇ
ਵਡੇਰੀ ਉਮਰ ਵਿੱਚ
ਉਹਨਾਂ ਦੇ ਸੰਭਾਲ ਵਾਲੇ ਹੱਥ ਤਲਾਸ਼ਦੀਆਂ ਹਨ

## ਇਸੇ ਕਲਮ ਤੋਂ

1. **ਦੋ ਨੰਬਰ ਦਾ ਬੂਟ** (ਮਿੰਨੀ ਕਹਾਣੀ-ਸੰਗ੍ਰਹਿ)-1996
2. **ਥੋਹਰਾਂ ਦੇ ਸਿਰਨਾਵੇਂ** (ਮਿੰਨੀ ਕਹਾਣੀ-ਸੰਗ੍ਰਹਿ)-2008



## ਤਤਕਰਾ


| | | |
|---|---|---|
| 1. | ਵਾਅਦਾ | 15 |
| 2. | ਵਿਛੋੜਾ | 17 |
| 3. | ਪੌੜੀ | 18 |
| 4. | ਮੰਮੀ ਦਾ ਡੇ-ਕੇਅਰ ਸੈਂਟਰ | 20 |
| 5. | ਲਾਚਾਰੀਆਂ | 22 |
| 6. | ਆਪਣੇ ਘਰ ਬਨਵਾਸ | 23 |
| 7. | ਸਿਰੋਂ ਲਹਿੰਦੀ ਪੰਡ | 25 |
| 8. | ਕੇਹਾ ਪੁੰਨ ? | 26 |
| 9. | ਵਕਤਾਂ ਦੇ ਪਾਏ ਵਖ਼ਤ | 27 |
| 10. | ਬੜਾ ਪਾਪ | 28 |
| 11. | ਜਾਂਦਾ ਦੁੱਧ-ਆਉਂਦਾ ਦੁੱਧ | 30 |
| 12. | ਬੱਸ ਇਕ ਦਿਨ | 31 |
| 13. | ਗੁਆਚੇ ਹੱਥ ਦੀ ਤਲਾਸ਼ | 32 |
| 14. | ਲਵ ਯੂ ਡੈਡ | 33 |
| 15. | ਕਰਵਟ ਲੈਂਦਾ ਸਮਾਂ | 34 |
| 16. | ਹਥੌੜੇ ਵਰਗਾ ਸਵਾਲ | 36 |
| 17. | ਇਹਨਾਂ ਨੂੰ ਕਿਹੜਾ ਅੰਬ ਲੱਗਣੇ ? | 38 |
| 18. | ਹੈਲਮਟ | 39 |
| 19. | ਤਿਲ੍ਹਕਣ | 40 |
| 20. | ਲਿਸ਼ਕਦੇ ਹੰਝੂ | 42 |
| 21. | ਕੌੜਾ ਸੱਚ | 44 |

22. ਲੁਕੀ ਹੋਈ ਗੱਲ 45
23. ਕੁਝ ਖਾ ਲਵੀਂ 47
24. ਮਾਂ-ਦਿਵਸ 48
25. ਮੈਨੂੰ ਤਾਂ ਪਾਪਾ ਤਾਹੀਦੇ 49
26. ਬਦਲਦੇ ਵਰਤਾਰੇ 50
27. ਅੰਨ੍ਹੇ ਬੋਲ਼ੇ 51
28. ਰਿਸ਼ਤਿਆਂ ਦੀ ਭਾਲ 53
29. ਜ਼ਖ਼ਮੀ ਸਿਦਕ 55
30. ਫ਼ੈਸਲਾ ਧੀਆਂ ਹੱਥ 57
31. ਰਾਹ ਦੇ ਰੋੜੇ 58
32. ਮੋੜਵੀਂ ਖ਼ੁਸ਼ੀ 60
33. ਸੁਰਗਾਂ ਵਿਚ ਪਹੁੰਚਾਉਣ ਵਾਲੇ 61
34. ਬਿਸ਼ਨੀਏ ਫੇਰ ਆਊਂ! 63
35. ਗੰਢੇ ਵੀ ਤੇ ਕੋਰੜੇ ਵੀ 65
36. ਨਜ਼ਰੀਆ 66
37. ਸੀਨੇ 'ਚ ਵਸਦੀ ਤੜਪ 67
38. ਖ਼ੁਦਗਰਜ਼ੀਆਂ ਦੀ ਸਿਖ਼ਰ ਤੋਂ 68
39. ਮੁੱਕਦੇ ਸ਼ਬਦਾਂ ਦੀ ਗਾਥਾ 70
40. ਗ਼ੈਰ-ਹਾਜ਼ਿਰ ਸੰਵੇਦਨਾ 72
41. ਆਪਣੀ ਮਾਂ-ਬੋਲੀ 73
42. ਦਿਸ਼ਾਹੀਣ 74
43. ਜਲਾਵਤਨੀ ਮੰਗਦਾ ਬੁਢਾਪਾ 75
44. ਟੇਢਾ ਹੱਲ 76
45. ਨਿਰਛਲਤਾ ਨੂੰ ਚਰਦਾ ਮੀਡੀਆ 78
46. ਗੁੰਗੀਆਂ ਜੀਭਾਂ 79
47. ਨਿਰਾਸ਼ਾ 'ਚੋਂ ਉਗੀ ਜ਼ਿੰਦਗੀ 80
48. ਚਾਂਦਮਾਰੀ 81
49. ਮੋਹ ਦੀ ਸਜ਼ਾ 82
50. ਢਲਦੀ ਉਮਰ ਦੀਆਂ ਬੰਦਿਸ਼ਾਂ 83
51. ਹੰਝੂਆਂ 'ਚ ਵਹਿੰਦੇ ਸੁਫ਼ਨੇ 85
52. ਜ਼ਲਾਲਤ 86
53. ਮਾਂ ਦਾ ਦਿਲ 88
54. ਕਿਰਦਾਰ ਤੇ ਕਰਾਮਾਤ 89
55. ਪੱਛਮ ਵਿਚ ਖੁਰਦਾ ਪੂਰਬ 91
56. ਮੋਈ ਉਡੀਕ ਦਾ ਮਰਸੀਆ 92
57. ਯੂਅਰ ਪ੍ਰਾਬਲਮ 94
58. ਬੇੜੀਆਂ 95
59. ਇੰਤਜ਼ਾਮ 97
60. ਲੈਂਡਲਾਈਨ 99
61. ਬਾਪੂ ਤੇਰੇ ਦੇਸ਼ ਵਿਚ... 101
62. ਤਿਊੜੀਆਂ 103
63. ਚੇਤਿਆਂ 'ਚੋਂ ਮਨਫ਼ੀ ਮਾਂ 104

# ਗਲੋਬਲੀ ਯਥਾਰਥ ਦੀ ਸਹਿਜ ਪੇਸ਼ਕਾਰੀ

ਸਾਹਿਤ ਦੀ ਕੋਈ ਵੀ ਵਿਧਾ ਹੋਵੇ, ਉਸ ਦਾ ਮਕਸਦ ਆਪਣੇ ਵਿਚਾਰਾਂ ਨੂੰ ਪ੍ਰਗਟਾਉਣਾ ਹੁੰਦਾ ਹੈ। ਵਿਧਾ, ਕਿਸੇ ਵੀ ਘਟਨਾ ਰਾਹੀਂ, ਵਿਅਕਤੀ ਦੇ ਪ੍ਰਗਟਾਵੇ ਦਾ ਰੂਪਕ ਪੱਖ ਹੁੰਦੀ ਹੈ ਤੇ ਇਹ ਰੂਪ, ਵਿਚਾਰਾਂ ਅਤੇ ਕਥਾਨਕ ਦੀ ਲੋੜ ਮੁਤਾਬਕ ਹੀ ਹੋਂਦ ਵਿਚ ਆਉਂਦੇ ਰਹਿੰਦੇ ਹਨ। ਸਮੇਂ ਨਾਲ ਇਹ ਰੂਪ ਨਿਖਰਦੇ ਅਤੇ ਸੰਵਰਦੇ ਰਹਿੰਦੇ ਹਨ ਤਾਂ ਜੋ ਗੱਲ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਹੋ ਸਕੇ। ਮਿੰਨੀ ਕਹਾਣੀ ਵੀਹਵੀਂ ਸਦੀ ਦੇ ਮੱਧ ਤੋਂ ਲੈ ਕੇ ਆਖਰੀ ਦੋ-ਤਿੰਨ ਦਹਾਕਿਆਂ ਦੌਰਾਨ ਪੰਜਾਬੀ ਸਾਹਿਤ ਵਿਚ ਆਪਣੀ ਹਾਜ਼ਰੀ ਲਗਵਾਉਂਦੀ ਹੈ।

ਪੰਜਾਬੀ ਮਿੰਨੀ ਕਹਾਣੀ ਦਾ ਇਹ ਸਫ਼ਰ ਤਕਰੀਬਨ ਪੰਜ ਕੁ ਦਹਾਕਿਆਂ ਦੇ ਨੇੜੇ ਢੁੱਕਣ ਲੱਗਿਆ ਹੈ, ਜਦੋਂ ਇਸ ਦੇ ਮੂੰਹ ਮੁਹਾਂਦਰੇ/ਰੂਪਕ ਪੱਖੋਂ ਸਪਸ਼ਟਤਾ ਆਈ ਹੈ। ਇਸ ਵਿਧਾ ਨਾਲ ਲਗਾਤਾਰ ਤੁਰਨ ਵਾਲੇ ਲੇਖਕਾਂ ਦੀ ਗਿਣਤੀ ਉਂਗਲੀਆਂ ’ਤੇ ਗਿਣਨ ਵਾਲੀ ਹੈ, ਜਿਹਨਾਂ ਵਿਚੋਂ ਇਕ ਨਾਂ ਡਾ. ਬਲਦੇਵ ਸਿੰਘ ਖਹਿਰਾ ਦਾ ਹੈ। ਡਾ. ਖਹਿਰਾ ਨੇ ਸਾਹਿਤ ਵਿਚ ਆਪਣਾ ਪ੍ਰਵੇਸ਼ ਮਿੰਨੀ ਕਹਾਣੀ ਨਾਲ ਕੀਤਾ ਅਤੇ ਹੁਣ ਤਕ ਮਿੰਨੀ ਕਹਾਣੀ ਦੇ ਹੀ ਬਣੇ ਹੋਏ ਹਨ, ਭਾਵੇਂ ਕਿ ਉਨ੍ਹਾਂ ਦੀ ਜੀਵਨ ਸਾਥਣ ਡਾ. ਗੁਰਮਿੰਦਰ ਸਿੱਧੂ, ਪੰਜਾਬੀ ਦੀ ਨਾਮਵਰ ਸ਼ਾਇਰਾ ਹਨ, ਪਰ ਦੋਹਾਂ ਨੇ ਇਕ ਦੂਸਰੇ ਦੇ ਦਾਇਰੇ ਵਿਚ ਕੋਈ ਦਖ਼ਲ ਨਹੀਂ ਦਿੱਤਾ ਹੈ।

ਇਹ ਹਥਲਾ ਸੰਗ੍ਰਹਿ ‘ਗੁਆਚੇ ਹੱਥ ਦੀ ਤਲਾਸ਼’ ਡਾ. ਖਹਿਰਾ ਦਾ ਤੀਸਰਾ ਮਿੰਨੀ ਕਹਾਣੀ ਸੰਗ੍ਰਹਿ ਹੈ ਜੋ ਕਿ ਇਸ ਸਫ਼ਰ ਦੌਰਾਨ, ਬਹੁਤ ਘੱਟ ਲੇਖਕਾਂ ਦੇ ਹਿੱਸੇ ਆਇਆ ਹੈ। ਡਾ. ਖਹਿਰਾ ਆਪਣੇ ਪਹਿਲੇ ਸੰਗ੍ਰਹਿ ‘ਦੋ ਨੰਬਰ ਦਾ ਬੂਟ’ ਤੋਂ ਇਸ ਵਿਧਾ ਪ੍ਰਤੀ ਆਪਣੀ ਸੰਜੀਦਗੀ ਅਤੇ ਵਿਸ਼ਿਆਂ ਦੇ ਚੋਣ ਅਤੇ ਨਿਭਾਅ ਪੱਖ ਤੋਂ ਪੁਖਤਗੀ ਦਰਸਾਉਂਦੇ ਦੇਖੇ ਗਏ ਹਨ। ਇਸ ਸੰਗ੍ਰਹਿ ਵਿਚ ਤ੍ਰੇਹਠ ਮਿੰਨੀ ਕਹਾਣੀਆਂ ਸ਼ਾਮਿਲ ਹਨ, ਜੋ ਕਿ ਦਸ ਸਾਲ ਦੇ ਅਰਸੇ ਮਗਰੋਂ ਪੁਸਤਕ ਦਾ ਰੂਪ ਧਾਰ ਰਹੀਆਂ ਹਨ, ਜੋ ਕਿ ਆਪਣੇ ਆਪ ਵਿਚ ਉਨ੍ਹਾਂ ਦਾ ਸਾਹਿਤ ਅਤੇ ਮਿੰਨੀ ਕਹਾਣੀ ਵਿਧਾ ਪ੍ਰਤੀ ਠਹਿਰਾਅ ਦੀ ਹਾਮੀ ਭਰਦਾ ਹੈ ਜੋ ਕਿ ਅਜੋਕੀ ਨੌਜਵਾਨ ਪੀੜ੍ਹੀ ਵਿਚ ਦੇਖਣ ਨੂੰ ਨਹੀਂ ਮਿਲਦਾ।



ਕਿਸੇ ਵੀ ਸਾਹਿਤਕ ਵਿਧਾ ਦੀ ਸਮਝ ਵਿਚ, ਵਿਸ਼ਾ, ਉਸ ਦਾ ਪ੍ਰਗਟਾਅ ਅਤੇ ਨਿਭਾਅ ਮਹੱਤਵਪੂਰਨ ਹੁੰਦੇ ਹਨ ਤੇ ਇਹੀ ਪਹਿਲੂ ਹੀ ਇਕ ਵਿਧਾ ਨੂੰ ਦੂਸਰੀ ਵਿਧਾ ਤੋਂ ਨਖੜੇਦੇ ਹਨ। ਜੇਕਰ ਇਸ ਸੰਗ੍ਰਹਿ ਵਿਚ ਸ਼ਾਮਿਲ ਰਚਨਾਵਾਂ ਨੂੰ ਵਿਸ਼ੇ ਪੱਖ ਤੋਂ ਵਾਚਣਾ ਹੋਵੇ ਤਾਂ ਦੋ ਤਿੰਨ ਵਿਸ਼ੇ ਤਾਂ ਉਭਰਵੇਂ ਰੂਪ ਵਿਚ ਉਲੀਕੇ ਜਾ ਸਕਦੇ ਹਨ, ਭਾਵੇਂ ਬਾਕੀ ਰਚਨਾਵਾਂ ਵੀ ਸਮਾਜ ਦੇ ਵੱਖ ਵੱਖ ਪਹਿਲੂਆਂ/ਵਰਤਾਰਿਆਂ ਦੀ ਝਲਕ ਦਿੰਦੀਆਂ ਹਨ। ਸੰਗ੍ਰਹਿ ਦੇ ਪ੍ਰਮੁੱਖ ਵਿਸ਼ੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ (ਪਰਵਾਸੀਆਂ) ਬਾਰੇ, ਬਜ਼ੁਰਗਾਂ ਦੀ ਸਮਾਜ ਪਰਿਵਾਰ ਵਿਚ ਹੋ ਰਹੀ ਮੰਦਹਾਲੀ ਅਤੇ ਬਾਲ ਮਨੋਵਿਗਿਆਨ ਨਾਲ ਸਬੰਧਿਤ ਹਨ।

ਇਹਨਾਂ ਤਿੰਨ ਵਿਸ਼ਿਆਂ ਵਿਚੋਂ ਵੀ ਵਿਦੇਸ਼ ਵਿਚ ਵਸਦੇ ਪੰਜਾਬੀਆਂ ਬਾਰੇ ਦਸ ਤੋਂ ਵੀ ਵੱਧ ਰਚਨਾਵਾਂ ਸ਼ਾਮਿਲ ਹਨ। ਡਾ. ਬਲਦੇਵ ਸਿੰਘ ਖਹਿਰਾ ਪਿਛਲੇ ਕਈ ਸਾਲਾਂ ਤੋਂ ਆਪਣਾ ਵੱਧ ਸਮਾਂ ਵਿਦੇਸ਼ ਵਿਚ ਹੀ ਗੁਜ਼ਾਰਦੇ ਹਨ। ਇਕ ਸਹਿਜ ਜਿਗਿਆਸੂ ਪ੍ਰਵਿਰਤੀ ਵਾਲੇ ਲੇਖਕ ਹੋਣ ਦੇ ਨਾਤੇ ਉਨ੍ਹਾਂ ਨੇ ਉਥੋਂ ਦੇ ਪੰਜਾਬੀ ਸਮਾਜ ਵਿਚ ਵਾਪਰਦੀਆਂ ਇਨ੍ਹਾਂ ਘਟਨਾਵਾਂ ਨੂੰ ਨੀਝ ਨਾਲ ਦੇਖਿਆ ਅਤੇ ਆਪਣੀਆਂ ਰਚਨਾਵਾਂ ਦਾ ਹਿੱਸਾ ਬਣਾਇਆ ਹੈ। ਇਨ੍ਹਾਂ ਵਿਸ਼ਿਆ ਵਿਚ ਵੀ ਡਾ. ਖਹਿਰਾ ਦੀ ਨਜ਼ਰ ਉਮਰ ਦੇ ਉਸ ਪੜਾਅ ’ਤੇ ਵੱਧ ਗਈ ਹੈ, ਜਿਸ ਵਿਚੋਂ ਉਹ ਖ਼ੁਦ ਲੰਘ ਰਹੇ ਹਨ। ਪਰਵਾਸੀ ਪੰਜਾਬੀ ਘਰਾਂ ਨਾਲ ਜੁੜਿਆ ਇਹ ਇਕ ਆਮ ਵਰਤਾਰਾ ਹੈ ਜੋ ਇਥੋਂ ਦੇ ਪੰਜਾਬੀਆਂ ਨੂੰ ਵੀ ਮਹਿਸੂਸ ਹੁੰਦਾ ਹੈ ਕਿ ਬੱਚੇ ਪ੍ਰਦੇਸ ਵਿਚ ਸੈੱਟ ਹੋ ਕੇ, ਆਪਣੇ ਬੱਚਿਆਂ ਨੂੰ ਸਾਂਭਣ ਲਈ ਮਾਂ-ਪਿਓ ਨੂੰ ਲੈ ਕੇ ਜਾਂਦੇ ਹਨ। ਦੋਹਤੇ-ਪੋਤਿਆਂ ਨੂੰ ਸਾਂਭਣਾ-ਦੇਖਣਾ, ਬਜ਼ੁਰਗਾਂ ਨੂੰ ਇਕ ਸੁਖਦ ਅਹਿਸਾਸ ਨਾਲ ਜੋੜਦਾ ਹੈ, ਪਰ ਵਿਦੇਸ਼ਾਂ ਵਿੱਚ, ਚਾਹੇ ਇਥੇ ਵੀ, ਤਕਲੀਫ਼ ਉਦੋਂ ਵੱਧ ਹੁੰਦੀ ਹੈ ਜਦੋਂ ਬੱਚਿਆਂ ਦੇ ਵੱਡੇ ਹੋ ਜਾਣ ’ਤੇ ਇਨ੍ਹਾਂ ਬਜ਼ੁਰਗਾਂ ਦੀ ਫਿਰ ਕੋਈ ਇੱਜ਼ਤ ਵੁੱਕਤ ਨਹੀਂ ਰਹਿੰਦੀ। ਇਸ ਦਸ਼ਾ ਨੂੰ, ਡਾ. ਖਹਿਰਾ ਦੀਆਂ ਰਚਨਾਵਾਂ ‘ਮੰਮੀ ਦਾ ਡੇ ਕੇਅਰ ਸੈਂਟਰ’, ‘ਬਿਸ਼ਨੀਏ ਫੇਰ ਆਊਂ’, ‘ਜਲਾਵਤਨੀ ਮੰਗਦਾ ਬੁਢਾਪਾ’, ‘ਗੰਢੇ ਵੀ ਤੇ ਕੋਰੜੇ ਵੀ’, ‘ਮੁੱਕਦੇ ਸ਼ਬਦਾਂ ਦੀ ਗਾਥਾ’ ਵਿਚ ਬਾਖ਼ੂਬੀ ਬਿਆਨ ਕੀਤਾ ਹੈ।

ਪੰਜਾਬੀਆਂ ਦਾ ਪਰਵਾਸ ਵੱਲ ਮੋਹ, ਸਾਰੇ ਹਿੰਦੋਸਤਾਨੀਆਂ ਨਾਲੋਂ ਵੱਧ ਹੈ ਤੇ ਇਥੋਂ ਦੇ ਨੌਜਵਾਨ, ਹਰ ਜਾਇਜ਼ ਨਜਾਇਜ਼ ਤਰੀਕੇ ਨਾਲ ਵਿਦੇਸ਼

ਜਾਣਾ ਚਾਹੁੰਦੇ ਹਨ। ਇਸ ਪਰਵਾਸ ਪਿੱਛੇ ਕਈ ਆਰਥਿਕ ਰਾਜਨੀਤਿਕ ਕਾਰਨ ਹਨ, ਪਰ ਇਸ ਦੇ ਲਈ ਮਾਂ ਪਿਉ ਹੁਣ ਖ਼ੁਦ ਚਾਹੰਦੇ ਹਨ ਕਿ ਉਨ੍ਹਾਂ ਦੇ ਬੱਚੇ ਕਿਤੇ ਬਾਹਰ ਨਿਕਲ ਜਾਣ। ਇਸ ਸੱਚ ਨੂੰ ਸਿਰੇ ਚੜ੍ਹਾਉਣ ਲਈ, ਕੁੜੀਆਂ ਦੇ ਕੂੜ-ਵਿਆਹ ਨੂੰ 'ਪੌੜੀ' ਦੀ ਤਰ੍ਹਾਂ ਵਰਤਿਆ ਜਾਂਦਾ ਹੈ ਕਿ ਉਸ ਦੇ ਜ਼ਰੀਏ ਮੁੰਡਾ ਤੇ ਫਿਰ ਹੋਰ ਪਰਿਵਾਰ ਦੇ ਜੀਅ ਵੀ ਬਾਹਰ ਚਲੇ ਜਾਣਗੇ ਤੇ ਧੀਆਂ ਦੇ ਦਿਲ ਦੇ 'ਅੰਦਰ ਦੀ ਗੱਲ' ਨੂੰ ਕੋਈ ਤਰਜੀਹ ਨਹੀਂ ਦਿੰਦਾ।

ਪਰਵਾਸ ਉਪਰ ਲਿਖੀਆਂ ਗਈਆਂ/ਲਿਖੀਆਂ ਜਾ ਰਹੀਆ ਰਚਨਾਵਾਂ ਵਿਚੋਂ ਮੁਖ ਤੌਰ 'ਤੇ ਤਿੰਨ ਤਰ੍ਹਾਂ ਦੇ ਵਰਤਾਰੇ ਸਾਹਮਣੇ ਆਉਂਦੇ ਹਨ। ਪਹਿਲਾ ਵਿਦੇਸ਼ ਵਿਚ ਬੈਠ ਕੇ ਪੰਜਾਬ ਦੀ ਯਾਦ, ਉਥੋਂ ਦੀਆਂ ਹਾਲਾਤਾਂ ਦਾ ਬਿਆਨ, ਦੂਸਰੀ ਹੈ-ਪੰਜਾਬ ਅਤੇ ਵਿਦੇਸ਼ਾਂ ਦੀ ਸਥਿਤੀ ਦੀ ਤੁਲਨਾ ਅਤੇ ਤੀਸਰੀ ਹਾਲਤ ਹੈ ਨਿਰੋਲ ਉੱਥੋਂ ਦੇ ਸਭਿਆਚਾਰ ਦੇ ਰੰਗ ਵਿਚ ਡੁੱਬੀ ਪੀੜ੍ਹੀ ਬਾਰੇ, ਜੋ ਕਿ ਮਾਂ ਪਿਉ ਦੀ ਬੇਚੈਨੀ-ਪਰੇਸ਼ਾਨੀ ਦਾ ਸਬੱਬ ਬਣ ਰਹੀ ਹੈ। ਇਸ ਤੀਸਰੇ ਪੱਖ ਨੂੰ ਵੀ, ਡਾ. ਖਹਿਰਾ ਨੇ ਆਪਣੀਆਂ ਰਚਨਾਵਾਂ 'ਯੂਅਰ ਪ੍ਰਾਬਲਮ', 'ਪੱਛਮ ਵਿਚ ਖੁਰਦਾ ਪੂਰਬ' ਅਤੇ 'ਦਿਸ਼ਾਹੀਣ' ਰਾਹੀਂ ਪੇਸ਼ ਕੀਤਾ ਹੈ।

ਵਿਦੇਸ਼ੀ ਬਜ਼ੁਰਗਾਂ ਦੇ ਨਾਲ ਨਾਲ, ਇਥੋਂ ਦੇ ਸਮਾਜ ਵਿਚ ਵੀ ਬਜ਼ੁਰਗਾਂ ਦੀ ਹਾਲਤ ਕੋਈ ਜਿਆਦਾ ਸੁਖਾਵੀਂ ਨਹੀਂ ਹੈ, ਜੋ ਕਿ ਅਜੋਕੇ ਸਮਾਜ ਵਿਚ ਚਰਚਾ ਦਾ ਆਮ ਵਰਤਾਰਾ ਬਣ ਗਿਆ ਹੈ। 'ਗੁਆਚੇ ਹੱਥ ਦੀ ਤਲਾਸ਼', 'ਆਪਣੇ ਘਰ ਬਨਵਾਸ' ਜਿਹੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੀ ਦਸ਼ਾ ਦਾ ਚਿਤਰਣ ਹੋਇਆ ਹੈ। ਪਰ ਇਨ੍ਹਾਂ ਵਿਚੋਂ 'ਟੇਢਾ ਹੱਲ' ਰਚਨਾ ਬਜ਼ੁਰਗਾਂ ਨੂੰ ਵੀ ਨਵੇਂ ਪੈਂਤੜੇ ਅਪਨਾਉਣ ਵੱਲ ਲੈ ਜਾਣ ਦੀ ਗੱਲ ਕਰਦੀ ਹੈ ਤੇ ਹੁਣ ਕਾਨੂੰਨ ਵੀ ਇਨ੍ਹਾਂ ਬਜ਼ੁਰਗਾਂ ਦੇ ਹੱਕ ਵਿਚ ਬਣ ਰਹੇ ਹਨ।

ਬਾਲ ਮਨੋਵਿਗਿਆਨ ਨੂੰ ਲੈ ਕੇ ਚਾਰ ਪੰਜ ਰਚਨਾਵਾਂ ਕਾਫੀ ਮਹੱਤਵਪੂਰਨ ਹਨ। ਇਸ ਵਿਚ 'ਲਵ ਯੂ ਡੈਡੀ', 'ਮੈਨੂੰ ਤਾਂ ਪਾਪਾ ਤਾਹੀਦੇ' ਬੱਚਿਆਂ ਲਈ ਮਾਂ ਪਿਉ ਦੀ ਅਹਿਮੀਅਤ ਨੂੰ ਉਭਾਰਦੀਆਂ ਹਨ। ਇਕ ਰਚਨਾ ਬੱਚਿਆਂ ਦੇ ਮਨਾਂ ਉਪਰ ਟੀ.ਵੀ. ਦੇ ਮਾਰੂ ਪ੍ਰਭਾਵ ਨੂੰ ਪੇਸ਼ ਕਰਦੀ ਹੈ। 'ਨਿਰਛਲਤਾ ਨੂੰ ਚਰਦਾ ਮੀਡੀਆ' ਵਰਗੀਆਂ ਹੋਰ ਰਚਨਾਵਾਂ ਦੀ ਲੋੜ ਹੈ, ਜਿਸ ਨੇ ਸਚਮੁੱਚ ਹੀ ਬਚਪਨ ਨੂੰ ਕਾਫ਼ੀ ਢਾਅ ਲਾਈ ਹੋਈ ਹੈ।



ਇਸ ਤੋਂ ਇਲਾਵਾ ਮਾਂ ਦੀ ਕਦਰ, ਕਿਸਾਨੀ ਦੀ ਹਾਲਤ, ਜ਼ਾਤ ਪਾਤ ਦੇ ਕੋਹੜ ਨੂੰ ਸੱਟ ਮਾਰਦੇ ਵਿਸ਼ਿਆਂ ਅਤੇ ਗਰੀਬੀ ਦੀ ਮਾਰ, ਅੰਧ ਵਿਸ਼ਵਾਸ ਵਰਗੇ ਵਰਤਾਰਿਆਂ ਨੂੰ ਵੀ ਲੇਖਕ ਨੇ ਆਪਣੇ ਕਲਾਵੇ ਵਿਚ ਲਿਆ ਹੈ।

ਮਿੰਨੀ ਕਹਾਣੀ ਕਿਉਂ ਜੋ ਨਵੀਂ ਵਿਧਾ ਹੈ, ਇਸ ਦੀ ਸਮਝ ਨੂੰ ਲੈ ਕੇ ਜੋ ਹੁਣ ਤਕ ਸਾਫ਼ ਤੌਰ 'ਤੇ ਵਿਚਾਰਿਆ ਗਿਆ ਹੈ ਤੇ ਚਰਚਾਵਾਂ ਵਿਚ ਆਇਆ ਹੈ ਕਿ ਘਟਨਾ ਦੀ ਚੋਣ ਸਭ ਤੋਂ ਮਹੱਤਵਪੂਰਨ ਹੈ ਤੇ ਫਿਰ ਉਸ ਦੀ ਪੇਸ਼ਕਾਰੀ ਅਤੇ ਨਿਭਾਅ ਕਾਫੀ ਹੱਦ ਤਕ ਖ਼ੁਦ-ਬਖ਼ੁਦ ਇਕ ਰਾਹ ਅਖਤਿਆਰ ਕਰ ਲੈਂਦੇ ਹਨ। ਵਿਧਾ ਦੇ ਵਿਕਾਸ ਦੇ ਸ਼ੁਰੂਆਤੀ ਦਿਨਾਂ ਵਿਚ ਮਿੰਨੀ ਕਹਾਣੀ ਦਾ ਅੰਤ ਵਿਸਫੋਟਕ ਰੱਖਣ ਦੀ ਕਾਫ਼ੀ ਗੱਲ ਛਿੜੀ ਜੋ ਕਿ ਰਚਨਾ ਨੂੰ ਅਸਹਿਜ ਵੱਧ ਬਣਾਉਂਦੀ ਰਹੀ ਹੈ। ਮਿੰਨੀ ਕਹਾਣੀ ਦੇ ਛੋਟਾ ਆਕਾਰ ਹੋਣ ਕਰਕੇ ਜੇਕਰ ਘਟਨਾ ਦੀ ਪੇਸ਼ਕਾਰੀ ਹੂ-ਬ-ਹੂ ਹੁੰਦੀ ਹੈ ਤਾਂ ਉਹ ਫੋਟੋਗ੍ਰਾਫ਼ੀ ਜਾਂ ਘਟਨਾ ਦੀ ਰਿਪੋਰਟਿੰਗ-ਵਰਗੇ ਫਤਵਿਆਂ ਦਾ ਸ਼ਿਕਾਰ ਹੁੰਦੀ ਹੈ ਤੇ ਜੇਕਰ ਵਿਸਫੋਟਕ ਹੋਵੇ ਤਾਂ ਅਸਹਿਜ। ਕਈ ਵਾਰੀ ਰਚਨਾ ਨੂੰ ਸਮੇਟਣ ਦੀ ਕਾਹਲ ਵਿਚ (ਛੋਟੇ ਆਕਾਰ ਕਾਰਨ) ਉਸ ਵਿਚ ਅਸੰਭਾਵੀ ਅੰਤ ਹੁੰਦਾ ਹੈ, ਜੋ ਕਿ ਲੇਖਕ ਦਾ 'ਇੱਛਤ ਯਥਾਰਥ' ਹੁੰਦਾ ਹੈ।

ਇਹਨਾਂ ਸਭਨਾਂ ਪੇਸ਼ਕਾਰੀਆਂ ਵਿਚ ਬਹੁਗਿਣਤੀ ਮਿੰਨੀ ਕਹਾਣੀਆਂ ਵਿਚ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਸਦਕਾ, ਨਕਾਰਾਤਮਕ ਸੁਰ ਵਾਲੀਆਂ ਰਚਨਾਵਾਂ ਦੀ ਗਿਣਤੀ ਵੱਧ ਹੁੰਦੀ ਹੈ ਜੋ ਕਿ ਇਸ ਸੰਗ੍ਰਹਿ ਵਿਚ ਵੀ ਨਜ਼ਰ ਆਉਂਦੀ ਹੈ। ਨਿਸ਼ਚਿਤ ਹੀ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਤਾਂ ਲੇਖਕ ਵਲੋਂ ਉਹ ਸਭ ਪੇਸ਼ ਹੋਣਾ ਹੀ ਹੁੰਦਾ ਹੈ।

ਪਰ ਪਾਠਕ ਲੇਖਕ ਤੋਂ ਇਸ ਤੋਂ ਇਕ ਕਦਮ ਅੱਗੇ ਦੀ ਆਸ ਕਰਦਾ ਹੈ ਕਿ ਰਚਨਾ ਪੜ੍ਹਨ ਤੋਂ ਬਾਅਦ ਉਸ ਨੂੰ ਕੋਈ ਉਮੀਦ ਬੱਝੇ ਕਿ ਸਮਾਜ ਏਨਾ ਮਾੜਾ ਵੀ ਨਹੀਂ ਹੈ। ਭਾਵੇਂ ਅੱਸੀ ਫੀਸਦੀ ਵਿਚ ਸਮਾਜ ਦੀ ਨਿਰਾਸ਼ਾਜਨਕ ਤਸਵੀਰ ਹੀ ਪੇਸ਼ ਹੋਈ ਹੈ, ਪਰ ਤਸੱਲੀ ਹੈ ਕਿ ਕੁਝ ਰਚਨਾਵਾਂ ਇਸ ਹਨੇਰੇ ਵਿਚ ਜੁਗਨੂੰ ਵਾਂਗ ਚਮਕਦੀਆਂ ਹਨ ਤੇ ਸਵੇਰ ਹੋਣ ਦੀ ਆਸ ਨਾਲ ਜੋੜਦੀਆਂ ਹਨ।

ਇਹਨਾਂ ਰਚਨਾਵਾਂ ਵਿਚ ਸਮਾਜ ਵਿਚ ਕੋਹੜ ਵਾਂਗ ਫੈਲੇ ਜ਼ਾਤ ਪਾਤੀ ਵਰਤਾਰੇ ਨੂੰ ਸੱਟ ਮਾਰੀ ਹੈ, ਜਿਸ ਵਿਚ ਨੂੰਹ ਆਪਣੇ ਸੌਹਰੇ ਨੂੰ ਕਹਿਣ ਦੀ ਹਿੰਮਤ ਕਰਦੀ ਹੈ, "ਪਿਤਾ ਜੀ! ਮਾਫ਼ ਕਰਨਾ, ਇਸ ਪਰਿਵਾਰ

'ਚ ਇਨਸਾਨ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ, ਏਸੇ ਕਰਕੇ ਮੈਂ ਵੱਖਰੇ ਰਹਿਣਾ..."

ਸਾਡਾ ਸਮਾਜ ਕਹਿਣ ਨੂੰ ਤਾਂ ਤਰੱਕੀ ਕਰਦਾ ਹੋਇਆ ਅਤੇ ਮੁੰਡੇ ਕੁੜੀ ਦੇ ਵਿਤਕਰੇ ਨੂੰ ਖ਼ਤਮ ਕਰਨ ਦੀ ਹਾਮੀ ਭਰਦਾ ਹੈ, ਪਰ ਜ਼ਮੀਨੀ ਪੱਧਰ 'ਤੇ ਇਸ ਤਰ੍ਹਾਂ ਨਹੀਂ ਹੈ। ਪਰ ਲੇਖਕ ਦੀਆਂ ਦੋ ਰਚਨਾਵਾਂ, 'ਬਦਲਦੇ ਵਰਤਾਰੇ' ਵਿਚ ਸਕੂਲ ਦੇ ਟੂਰ 'ਤੇ ਦਾਦੀ ਵਲੋਂ ਮੁੰਡੇ ਨੂੰ ਭੇਜਣ ਲਈ ਹਾਮੀ ਭਰਨ ਤੇ ਕੁੜੀ ਨੂੰ ਨਾਂਹ ਕਰਨ ਤੋਂ ਬਾਅਦ, ਪਿਤਾ ਦਾ ਕਹਿਣਾ ਕਿ "ਤੂੰ ਵੀ ਪਿਕਨਿਕ 'ਤੇ ਜਾਏਗੀ, ਮੇਰੀ ਨੀਤੂ ਕਿਸੇ ਨਾਲੋਂ ਕੋਈ ਘੱਟ ਹੈ?", ਤੇ ਦੂਸਰੀ ਰਚਨਾ 'ਫ਼ੈਸਲਾ ਧੀਆਂ ਹੱਥ' ਵਿਚ ਮੁੰਡੇ-ਕੁੜੀ ਦੇ ਦੇਖਣ ਸਮੇਂ ਫ਼ੈਸਲੇ ਲਈ ਕੁੜੀ ਦੀ ਗੱਲ ਮੰਨਣਾ, ਇਕ ਸਾਂਵੇ ਸਮਾਜਿਕ ਵਰਤਾਰੇ ਦੇ ਸੂਚਕ ਹਨ।

ਇਸੇ ਤਰ੍ਹਾਂ ਹਰ ਪਾਸੇ ਫੈਲੇ ਭ੍ਰਿਸ਼ਟਾਚਾਰਕ ਮਾਹੌਲ ਵਿਚ, ਪ੍ਰਿੰਸੀਪਲ ਪਿਤਾ ਵਲੋਂ ਬੱਚੇ ਦੇ ਸਕੂਲ ਨੂੰ ਬਦਲਵਾ ਦੇਣਾ ਤਾਂ ਜੋ ਉਸ ਦਾ ਆਪਣਾ ਸਟਾਫ਼ ਮੁੰਡੇ ਦੀ ਨਕਲ ਮਾਰਨ ਵਿਚ ਮਦਦ ਕਰਕੇ, ਬੱਚੇ ਦੇ ਚੰਗੇ ਭਵਿੱਖ ਲਈ ਰੋੜਾ ਨਾ ਬਣੇ। ਪਿਤਾ ਦੇ ਬੱਚੇ ਲਈ ਇਹ ਬੋਲ, "ਔਖੇ ਸਮਿਆਂ ਵਿਚੋਂ ਲੰਘ ਕੇ ਹੀ ਮਿਹਨਤ ਕਰਨ ਦੀ ਆਦਤ ਬਣਦੀ ਹੈ ਤੇ ਉਹਦਾ ਨਤੀਜਾ ਵੀ ਮਿੱਠਾ ਹੁੰਦੈ..." ਸਹੀ ਰਾਹ ਦੀ ਪਛਾਣ ਕਰਵਾਉਣ ਵਾਲਾ ਹੈ ਤੇ ਸਮਾਜ ਵਿਚ ਮਾਪਿਆਂ ਲਈ ਸੇਧ ਦਾ ਕਾਰਜ ਕਰੇਗਾ। ਭ੍ਰਿਸ਼ਟਾਚਾਰ ਦੇ ਮਾਹੌਲ ਵਿਚ ਰਿਸ਼ਵਤ ਨਾ ਲੈਣ ਦੀ ਗੱਲ ਨੂੰ 'ਮੋੜਵੀਂ ਖ਼ੁਸ਼ੀ' ਦੇ ਰੂਪ ਵਿਚ ਵਧੀਆ ਤਰੀਕੇ ਨਾਲ ਨਿਭਾਇਆ ਗਿਆ ਹੈ।

ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ ਵਿਚ ਆ ਰਹੀ ਤੇਜ਼ੀ ਦੇ ਵਾਤਾਵਰਨ ਵਿਚ, ਪਿਤਾ ਵਲੋਂ ਬੇਟੀ ਨੂੰ ਇਕ ਸਲਾਹ ਦੇਣਾ, "ਸਹੇਲੀਆਂ ਦੀਆਂ ਗੱਲਾਂ ਵਿਚ ਆ ਕੇ ਆਪਣਾ ਘਰ ਨਹੀਂ ਉਜਾੜੀਦਾ..." ਹੀ 'ਤਿਲ੍ਹਕਣ' ਤੋਂ ਬਚਾ ਸਕਦੇ ਹਨ।

ਇਸੇ ਤਰ੍ਹਾਂ ਦੀ ਇਕ ਰਚਨਾ 'ਵਾਅਦਾ' ਹੈ, ਜੋ ਕਿ ਕੰਨਿਆ ਭਰੂਣ ਹੱਤਿਆ ਦੇ ਵਰਤਾਰੇ ਨੂੰ ਇਕ ਵੱਖਰੇ ਅੰਦਾਜ਼ ਵਿਚ ਪੇਸ਼ ਕਰਦੀ ਹੈ। ਇਹ ਇਕ ਸਾਰਥਕ ਸੁਨੇਹੇ ਵਾਲੀ ਦਿਲ ਟੁੰਬਵੀਂ ਰਚਨਾ ਹੈ ਜੋ ਕਿ ਇਕ ਹਲੂਣਾ ਵੀ ਦੇਂਦੀ ਹੈ, ਪਰ ਇਸ ਵਿਚ ਲੇਖਕ ਦਾ ਇੱਛਤ ਯਥਾਰਥ ਵੱਧ ਹੈ ਤੇ ਘਟਨਾ ਦੇ ਨਿਭਾਅ ਵਿਚ ਸਹਿਜਤਾ ਨਜ਼ਰ ਨਹੀਂ ਆਉਂਦੀ , ਜਿਵੇਂ ਕਿ ਇਹ ਸੰਭਾਵੀਂ ਵਰਤਾਰਾ ਨਾ ਹੋਵੇ।



ਰਚਨਾਵਾਂ ਦੀ ਪੇਸ਼ਕਾਰੀ ਦੇ ਪੱਖ ਤੋਂ, ਮਿੰਨੀ ਕਹਾਣੀ ਦੇ ਪਾਠ ਅਤੇ ਚਰਚਾ ਵਿਚ ਇਹ ਸਵਾਲ ਉਠਦਾ ਰਿਹਾ ਹੈ ਕਿ ਮਿੰਨੀ ਕਹਾਣੀ ਅਤੇ ਕਹਾਣੀ ਵਿਚ ਕੀ ਫ਼ਰਕ ਹੈ? ਕੀ ਇਹ ਸਿਰਫ਼ ਆਕਾਰ ਹੈ ਜਾਂ ਕੁਝ ਹੋਰ ਵੀ? ਘਟਨਾ ਦੀ ਚੋਣ ਵਿਚ ਘਟਨਾਵਾਂ ਦੀ ਗਿਣਤੀ ਵੀ ਮਾਅਨੇ ਰਖਦੀ ਹੈ ਜਾਂ ਕਈ-ਕਈ ਘਟਨਾਵਾਂ, ਸਮੇਂ ਦੇ ਅੰਤਰਾਲ 'ਤੇ ਵੀ ਚਲ ਸਕਦੀਆਂ ਹਨ। ਭਾਵੇਂ ਇਹ ਬਹਿਸ ਚੱਲਦੀ ਹੈ, ਪਰ ਇਕ ਗੱਲ ਤਾਂ ਯਕੀਨੀ ਹੈ ਕਿ ਰਚਨਾ ਕਿਸੇ ਕਹਾਣੀ ਦਾ ਸਾਰ ਨਾ ਲੱਗੇ ਜਾਂ ਉਸ ਪੇਸ਼ਕਾਰੀ ਨੂੰ ਫੈਲਾ ਕੇ ਕਹਾਣੀ ਬਣਾ ਸਕਣ ਦੀ ਗੁੰਜਾਇਸ਼ ਨਾ ਹੋਵੇ।

ਇਸ ਦੇ ਮੱਦੇਨਜ਼ਰ ਜੇਕਰ ਸੰਗ੍ਰਹਿ ਦੀ ਇਕ ਰਚਨਾ ਹੀ ਵਿਚਾਰਨੀ ਹੋਵੇ ਤਾਂ 'ਰਿਸ਼ਤਿਆਂ ਦੀ ਭਾਲ' ਲਈ ਜਾ ਸਕਦੀ ਹੈ, ਜੋ ਕਿ ਲਿਵ ਇਨ ਰਿਲੇਸ਼ਨਸ਼ਿਪ ਤੋਂ ਸ਼ੁਰੂ ਹੋਕੇ, ਲੰਮੇ ਸਮੇਂ ਤਕ ਫੈਲਦੀ ਹੈ ਤੇ ਕਈ ਘਟਨਾਵਾਂ ਨੂੰ ਕਲਾਵੇ ਵਿਚ ਲੈਂਦੀ ਹੈ। ਇਸ ਵਿਚ ਨਿਸ਼ਚਿਤ ਹੀ ਕਹਾਣੀ ਬਣਨ ਦੀ ਸਮਰਥਾ ਹੈ। ਡਾ. ਖਹਿਰਾ ਆਪਣੇ ਮਿੰਨੀ ਕਹਾਣੀਕਾਰ ਵਜੋਂ ਬਣੇ ਰਹਿਣ ਦੀ ਛਾਪ ਦੇ ਮੋਹ ਨੂੰ ਤੋੜ ਨਹੀਂ ਸਕੇ, ਜਿਸ ਕਰਕੇ ਇਹ ਰਚਨਾ ਵੀ ਮਿੰਨੀ ਕਹਾਣੀ ਦੇ ਸਿਰਲੇਖ ਹੇਠ ਸ਼ਾਮਿਲ ਹੋ ਗਈ। ਇਸ ਤਰ੍ਹਾਂ ਦੀਆਂ, ਭਾਵੇਂ ਘੱਟ ਸਮਰਥਾ ਵਾਲੀਆਂ ਰਚਨਾਵਾਂ ਹੋਰ ਵੀ ਸੰਗ੍ਰਹਿ ਵਿਚ ਦੇਖੀਆਂ ਜਾ ਸਕਦੀਆਂ ਹਨ।

ਮਿੰਨੀ ਕਹਾਣੀ ਦੇ ਨਿਰੋਲ ਹਸਤਾਖ਼ਰ ਹੋਣ ਦੇ ਨਾਤੇ, ਸ਼ੁਰੂ ਤੋਂ ਹੁਣ ਤਕ, ਵਿਸ਼ਿਆਂ ਦੀ ਵੰਨ ਸੁਵੰਨਤਾ ਅਤੇ ਨਵੇਂ ਨਵੇਂ ਵਿਸ਼ਿਆਂ ਨੂੰ ਮਿੰਨੀ ਕਹਾਣੀ ਵਿਧਾ ਦੇ ਘੇਰੇ ਵਿਚ ਲਿਆਉਣਾ ਅਤੇ ਉਨ੍ਹਾਂ ਦੀ ਪੇਸ਼ਕਾਰੀ ਲਈ ਨਵੇਂ ਨਵੇਂ ਤਜ਼ਰਬੇ ਕਰਨਾ, ਡਾ. ਖਹਿਰਾ ਦੀ ਰਚਨਾ ਪ੍ਰਕ੍ਰਿਆ ਦਾ ਹਿੱਸਾ ਹਨ, ਜੋ ਇਸ ਵਿਧਾ ਨੂੰ ਅਮੀਰੀ ਬਖਸ਼ਦੇ ਹਨ।

ਡਾ. ਖਹਿਰਾ ਮੈਡੀਕਲ ਵਿਗਿਆਨ ਦੇ ਵਿਦਿਆਰਥੀ ਹਨ, ਜਿਸ ਕਰਕੇ ਉਨ੍ਹਾਂ ਕੋਲ ਵਿਸ਼ੇਸ਼ ਘੋਖਵੀਂ ਨਜਰ ਹੈ ਤੇ ਆਸ ਹੈ ਉਹ ਆਪਣੇ ਇਸ ਵਿਸ਼ੇਸ਼ ਹੁਨਰ ਨੂੰ ਮਿੰਨੀ ਕਹਾਣੀ ਦੇ ਵਧੀਆ ਭਵਿਖ ਲਈ ਵੀ ਇਸੇ ਮੁਸਤੈਦੀ ਨਾਲ ਵਰਤਦੇ ਰਹਿਣਗੇ।

ਇਸੇ ਆਸ ਨਾਲ

ਲੋਹੜੀ, 2019

**ਡਾ. ਸ਼ਿਆਮ ਸੁੰਦਰ ਦੀਪਤੀ**
97, ਗੁਰ ਨਾਨਕ ਐਵੀਨਿਊ
ਮਜੀਠਾ ਰੋਡ, ਅੰਮ੍ਰਿਤਸਰ।
ਮੋ: 98158-08506

## ਵਾਅਦਾ

ਬੱਚੇ ਦੇ ਜਨਮ ਤੋਂ ਦੋ ਘੰਟੇ ਬਾਅਦ ਸਵਿੰਦਰ ਨੂੰ ਵਾਰਡ ਵਿਚ ਭੇਜ ਦਿੱਤਾ ਗਿਆ। ਥਕਾਵਟ ਤੇ ਪੀੜਾਂ ਦੀ ਭੰਨੀ ਉਹ ਕਿੰਨਾ ਚਿਰ ਅੱਧਸੁੱਤੀ ਹਾਲਤ ਵਿੱਚ ਪਈ ਰਹੀ। ਪਤੀ ਨੂੰ ਯਾਦ ਕਰਦਿਆਂ ਉਹ ਫ਼ਿਕਰਮੰਦ ਹੋ ਰਹੀ ਸੀ ਕਿ ਉਹ ਅਜੇ ਤੱਕ ਕਿਉਂ ਨਹੀਂ ਆਇਆ ? ਏਨੇ ਨੂੰ ਉਹਦੀ ਸਹੇਲੀ ਖ਼ਬਰ ਲੈਣ ਆ ਗਈ, ਉਹ ਵੀ ਹੈਰਾਨ ਹੋਈ ਕਿ ਸਵਿੰਦਰ ਜਣੇਪੇ ਤੋਂ ਬਾਅਦ ਹਸਪਤਾਲ ਵਿੱਚ ਘਰਦਿਆਂ ਵਲੋਂ ਅਣਗੌਲੀ ਪਈ ਹੈ। ਸਵਿੰਦਰ ਨੇ ਉਹਦੇ ਮੋਬਾਈਲ ਤੋਂ ਪਤੀ ਨੂੰ ਫੋਨ ਮਿਲਾ ਲਿਆ, "ਮੈਂ ਹਸਪਤਾਲ 'ਚ ਹੀ ਸੀ, ਮੈਨੂੰ ਪਤਾ ਲੱਗ ਗਿਐ, ਮੇਰਾ ਏਨਾ ਚਿੱਤ ਖਰਾਬ ਹੋਇਆ ਕਿ ਘਰ ਆ ਗਿਆ... ਸੋਚਦਾ ਸੀ..."

"ਦੇਖ ਬਲਦੀਪ! ਧੀ ਜੰਮ ਪਈ ਤਾਂ ਕੀ ਹੋਇਆ? ਹੈ ਤਾਂ ਆਪਣੇ ਪਿਆਰ ਦੀ ਨਿਸ਼ਾਨੀ..."

"ਗੱਲ ਸੁਣ, ਪਿਆਰ-ਵਿਆਰ ਛੱਡ, ਤਿੰਨ ਕੁੜੀਆਂ ਦਾ ਖਰਚ, ਪੜ੍ਹਾਈ, ਵਿਆਹ, ਮੈਥੋਂ ਨਹੀਂ ਕਰ ਹੋਣਾ, ਮੈਂ ਫ਼ੈਸਲਾ ਕੀਤੈ ਕਿ ਜੇ ਤੂੰ ਇਸ ਤੀਜੀ ਬਲਾਅ ਤੋਂ ਛੁਟਕਾਰਾ ਪਾ ਲਏਂਗੀ ਤਾਂ ਹੀ ਤੈਨੂੰ ਘਰ ਵੜਨ ਦੇਣੈਂ, ਨਹੀਂ ਤਾਂ..."

'ਨਹੀਂ ਤਾਂ...' ਇਸ ਧਮਕੀ ਨੇ ਸਵਿੰਦਰ ਨੂੰ ਸੁੰਨ ਜਿਹਾ ਕਰ ਦਿੱਤਾ, ਉਹ ਮਸਾਂ ਹੀ ਬੋਲੀ, "ਬਲਦੀਪ! ਤੂੰ ਇਉਂ ਨਾ ਕਰ, ਵੱਡਾ ਪਾਪ ਲੱਗੂ..."

"ਸਵਿੰਦਰ! ਮੈਂ ਕਹਿ 'ਤਾ ਬੱਸ, ਇਹ ਕੰਮ ਤੈਨੂੰ ਕਰਨਾ ਈ ਪਊ, ਜੇ ਤੇਰੀ 'ਹਾਂ' ਹੋਈ ਤਾਂ ਫੋਨ ਕਰ ਦੇਈਂ..." ਤੇ ਫੋਨ ਕੱਟਿਆ ਗਿਆ।

ਆਖਿਰ ਦੁੱਖ ਅਤੇ ਘੋਰ ਨਿਰਾਸ਼ਾ ਵਿਚ ਡੁੱਬੀ ਸਵਿੰਦਰ ਨੂੰ ਸਹਿਮਤੀ ਦੇਣੀ ਹੀ ਪਈ, ਨਹੀਂ ਤਾਂ ਤਿੰਨ ਧੀਆਂ ਨੂੰ ਲੈਕੇ ਉਹ ਕਿੱਥੇ ਜਾਏਗੀ? ਘਰ ਆਈ ਨੂੰ ਨਾ ਹੀ ਬਲਦੀਪ ਨੇ ਤੇ ਨਾ ਹੀ ਸੱਸ ਨੇ ਚੰਗੀ ਤਰ੍ਹਾਂ ਬੁਲਾਇਆ। ਆਪੇ ਹੀ ਜਿਵੇਂ ਕਿਵੇਂ ਘਰ ਦਾ ਧੰਧਾ ਸਾਂਭਿਆ। ਚੌਥੇ ਦਿਨ ਬਲਦੀਪ ਬੋਲਿਆ, "ਕੱਲ੍ਹ ਤੁਹਾਨੂੰ ਪੇਕੇ ਛੱਡ ਆਊਂਗਾ"

"ਨਹੀਂ ਮੈਂ ਪੇਕੀਂ ਨਹੀਂ ਜਾਣਾ, ਬੱਸ ਅੱਜ ਰਾਤ ਨੂੰ..." ਤੇ ਸਵਿੰਦਰ ਦੀ ਭੁੱਬ ਨਿੱਕਲ ਗਈ, ਉਹ ਕਮਰੇ ਵੱਲ ਦੌੜ ਗਈ ਤੇ ਕਿੰਨਾ ਚਿਰ ਰੋਂਦੀ-

ਡੁਸਕਦੀ ਰਹੀ। ਪੋਹ ਦੀ ਉਸ ਅੰਤਾਂ ਦੀ ਠਰੀ ਰਾਤ ਨੂੰ ਸਵਿੰਦਰ ਨੇ ਕੁੜੀ ਨੂੰ ਨੰਗੀ ਨੂੰ ਹੀ ਵਿਹੜੇ ਵਿਚ ਲਿਟਾ ਦਿੱਤਾ। "ਠੰਢ ਨਾਲ ਮਰ ਜਾਊਗੀ ਤੇ ਫਿਰ ਕੱਪੜੇ-ਲੱਤੇ ਪਾ ਕੇ ਲੋਕਾਂ ਜਾਂ ਪੁਲਸ ਨੂੰ ਸਰਦੀ ਲੱਗ ਜਾਣ ਦਾ ਬਹਾਨਾ ਲਾ ਦਿਆਂਗੇ..."

ਕੁੜੀ ਦਾ ਰੋਣਾ ਕਾਲਜੇ 'ਚੋਂ ਰੁੱਗ ਭਰਨ ਲੱਗਾ, ਪਰ ਸਵਿੰਦਰ ਕੰਨਾਂ 'ਤੇ ਰਜ਼ਾਈ ਘੁੱਟ ਕੇ ਉਹਦੇ ਚੁੱਪ ਹੋਣ ਨੂੰ ਉਡੀਕਦੀ ਰਹੀ, ਆਖਿਰ ਕਿੰਨੇ ਚਿਰ ਬਾਅਦ ਚੁੱਪ-ਚਾਂਦ ਹੋਈ। ਤਨ-ਮਨ ਦੀਆਂ ਪੀੜਾਂ ਨਾਲ ਭੰਨੀ ਸਵਿੰਦਰ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ, ਅੱਭੜਵਾਹੇ ਉਠੀ ਤਾਂ ਸਵੇਰਾ ਹੋਣ ਵਾਲਾ ਸੀ। ਭੱਜ ਕੇ ਵਿਹੜੇ ਵਿੱਚ ਜਾ ਕੇ ਦੇਖਿਆ, ਕੁੜੀ ਸਿਰ ਤੋਂ ਪੈਰਾਂ ਤੱਕ ਨੀਲੀ ਹੋਈ ਪਈ ਸੀ, ਪਰ ਸਾਹ ਅਜੇ ਚੱਲਦੇ ਸੀ। ਮਾਂ ਦੀ ਛੋਹ ਨਾਲ ਉਹਨੇ ਪਲਕਾਂ ਖੋਲ੍ਹ ਲਈਆਂ, ਨਿੱਕੀਆਂ-ਨਿੱਕੀਆਂ ਚਮਕੀਲੀਆਂ ਅੱਖਾਂ ਨੂੰ ਤੱਕ ਸਵਿੰਦਰ ਦੇ ਅੰਦਰੋਂ 'ਵਾਜ ਆਈ, "ਜੇ ਮੇਰੀ ਧੀ ਸਾਰੀ ਰਾਤ ਕਹਿਰ ਦੀ ਠੰਢ ਵਿਚ ਮੌਤ ਨਾਲ ਲੜ ਕੇ ਜਿੱਤ ਸਕਦੀ ਹੈ ਤਾਂ ਮੈਂ ਉਹਦੇ ਲਈ ਦੁਨੀਆਂ ਨਾਲ ਲੜ ਕੇ ਕਿਉਂ ਨਹੀਂ ਜਿੱਤ ਸਕਦੀ?"

ਤੇ ਉਹਨੇ ਆਪਣੇ ਆਪ ਨਾਲ ਇਕ ਵਾਅਦਾ ਕਰਕੇ ਕੁੜੀ ਨੂੰ ਛਾਤੀ ਨਾਲ ਘੁੱਟ ਲਿਆ।

ੴ



## ਵਿਛੋੜਾ

'ਕਿਤੇ ਵਿਛੜੇ ਹੀ ਨਾ ਮਰ ਜਾਈਏ' ਕਹਿਕੇ ਸਰਬਜੀਤ ਨੇ ਪਾਸਾ ਲੈ ਕੇ ਧਰਮਪਤਨੀ ਸੁਰਿੰਦਰ ਵੱਲ ਪਿੱਠ ਕਰ ਲਈ।

ਸੈੱਲਫੋਨ ਉਤੇ ਚਲ ਰਹੀ ਵੀਡੀਓ ਛੇਤੀ ਨਾਲ ਪਾਜ਼ ਕਰਕੇ ਕੰਨਾਂ 'ਚੋਂ ਈਅਰਫੋਨ ਕੱਢਦੀ ਸੁਰਿੰਦਰ ਬੋਲੀ, "ਕੁਝ ਕਿਹੈ?"

"ਕੁਝ ਖਾਸ ਨਹੀਂ, ਏਹੋ ਕਿ ਕਿਤੇ ਵਿਛੜੇ ਹੀ ਨਾ ਮਰ ਜਾਈਏ!" ਬਿਨਾਂ ਪਾਸਾ ਪਰਤਿਆਂ ਸਰਬਜੀਤ ਬੋਲਿਆ। ਉਹਨੂੰ ਮੋਢੇ ਤੋਂ ਫੜ ਕੇ ਸਿੱਧਾ ਕਰਦੀ ਸੁਰਿੰਦਰ ਬੋਲੀ, "ਲੈ ਹੈ! ਇਹ ਕੀ ਗੱਲ ਹੋਈ? ਤੇਰੇ ਕੋਲ ਤਾਂ ਪਈ ਆਂ...!"

"ਕਿਥੇ? ਤੂੰ ਵਟਸਐਪ ਤੇ ਫੇਸਬੁਕ ਉਤੇ ਆਪਣੇ ਫਰੈਂਡਜ਼ ਨਾਲ ਮਸਤ ਹੈਂ... ਤੇ ਮੈਂ ਏਥੇ ਇਕੱਲਾ... ਵਿਛੋੜਾ ਈ ਐ..."

ਸੁਰਿੰਦਰ ਨੂੰ ਇਕਦਮ ਕੋਈ ਜਵਾਬ ਨਾ ਔੜਿਆ। ਸਰਬਜੀਤ ਹੀ ਫਿਰ ਬੋਲਿਆ, "ਆਹ ਜਦੋਂ ਤੋਂ ਚਾਰ ਕੁ ਸਾਲ ਤੋਂ ਮਹਿੰਗਾ ਜਿਹਾ ਫੋਨ ਲੈ ਲਿਆ, ਤੂੰ ਤਾਂ ਪਰਿਵਾਰ ਨਾਲੋਂ ਹੀ ਦੂਰ ਹੋਈ ਜਾਨੀ ਐਂ, ਤੇਰੀ ਦੇਖਾ-ਦੇਖੀ ਨਿਆਣੇ ਵੀ ਸਕੂਲੋਂ ਆ ਕੇ ਏਹੋ ਫੜ ਕੇ ਬਹਿ ਜਾਂਦੇ ਐ, ਰੋਟੀ ਖਾਣ ਵੇਲੇ ਵੀ..."

"ਹੁਣ ਜੇ ਤੁਹਾਡੇ ਤੋਂ ਇਹ ਨਹੀਂ ਕਰ ਹੁੰਦਾ ਤਾਂ ਸਾਰੇ ਟੱਬਰ ਵਿਚ ਤਾਂ ਨਾ ਨੁਕਸ ਕੱਢੀ ਜਾਓ"

"ਜੇ ਮੇਰੀ ਨਿਗਾਹ ਠੀਕ ਹੁੰਦੀ ਤਾਂ ਮੈਂ ਵੀ ਏਸੇ ਖਲਜਗਣ 'ਚ ਫਸਿਆ ਹੋਣਾ ਸੀ, ਮੇਰਾ ਤਾਂ ਦਸਾਂ ਮਿੰਟਾਂ 'ਚ ਮੱਥਾ ਪਾਟਣ ਲੱਗ ਜਾਂਦੈ"

"ਚਲੋ ਛੱਡੋ ਪਰ੍ਹਾਂ, ਸੌਂ ਜਾਓ!"

"ਨੀਂਦ ਕਿਹੜਾ ਆਉਂਦੀ ਐ? ਅੱਗੇ ਸੌਣ ਤੋਂ ਪਹਿਲਾਂ ਆਪਾਂ ਘਰ ਦੀਆਂ, ਸਾਰੇ ਦਿਨ ਦੀਆਂ ਕਿੰਨੀਆਂ ਗੱਲਾਂ ਸਾਂਝੀਆਂ ਕਰਦੇ ਹੁੰਦੇ ਸੀ, ਹੁਣ ਕੁਝ ਕਹਿਣ ਨੂੰ ਜੀਅ ਕਰਦੈ ਤਾਂ ਤੇਰੇ ਕੰਨਾਂ 'ਚ ਫਸੇ ਬੀਂਡੇ ਤੇ ਅੱਖਾਂ ਮੂਹਰੇ ਫੋਨ ਦੇਖ ਕੇ ਸੋਚਦਾਂ ਚਲ ਫੇਰ ਸਹੀ, ਤੇ ਫੇਰ ਗੱਲ ਈ ਭੁੱਲ ਜਾਂਦੀ ਐ"

"ਦੇਖ ਸਰਬਜੀਤ! ਜਿਹੜੇ ਫੇਸਬੁਕ ਤੇ ਵਟਸਐਪ 'ਤੇ ਏਨੇ ਫਰੈਂਡਜ਼ ਬਣੇ ਨੇ, ਉਹਨਾਂ ਦੀਆਂ ਪੋਸਟਾਂ ਉਤੇ ਕਮੈਂਟ ਕਰਨਾ, ਉਹਨਾਂ ਦੇ ਦੁਖ-ਸੁਖ 'ਚ ਚਾਰ ਹਰਫ਼ ਲਿਖਣ ਦਾ ਫ਼ਰਜ਼ ਤਾਂ ਬਣਦੈ ਨਾ!"

"ਤੇ ਆਪਣਿਆਂ ਦੇ ਦੁਖ-ਸੁਖ...?" ਸਰਬਜੀਤ ਫੁਸਫੁਸਾਉਂਦਾ ਹੋਇਆ ਫਿਰ ਦੂਜੇ ਪਾਸੇ ਨੂੰ ਮੂੰਹ ਕਰ ਕੇ ਪੈ ਗਿਆ।

## ਪੌੜੀ

ਬੂਟਾ ਸਿੰਘ ਗੁਆਂਢੀਆਂ ਦੇ ਘਰ ਬੈਠਾ ਆਪਣੀ ਧੀ ਜੱਸੀ ਦਾ ਫੋਨ ਉਡੀਕ ਰਿਹਾ ਸੀ। ਘੰਟੀ ਵੱਜਦਿਆਂ ਹੀ ਬੋਲਿਆ, "ਹਈਲੋ! ਹਈਲੋ..."

"ਹੈਲੋ!... ਭਾਪਾ"

ਬੂਟਾ ਸਿੰਘ ਮੱਧਮ ਜਿਹੀ ਆਵਾਜ਼ ਸੁਣ ਕੇ ਘਬਰਾ ਗਿਆ, "ਕੌਣ? ਜੱਸੀ...? ...ਹੈਂ...?"

"ਆਹੋ! ਮੈਂ ਬੋਲਦੀ ਆਂ ਭਾਪਾ!"

"ਪੁੱਤ ਕੀ ਹਾਲ ਐ?"

"...ਭਾਪਾ! ਮੈਂ ਬੜੀ ਮੁਸ਼ਕਿਲ 'ਚ ਹਾਂ... ਜਾਂ ਤਾਂ ਵਾਪਸੀ ਦੀ ਟਿਕਟ ਜਾਂ ਕੁਸ਼ ਪੈਸੇ ਭੇਜੋ"

"ਕੁੜੇ! ਇਹ ਕੀ ਕਹਿੰਨੀ ਐਂ? ਮਸਾਂ ਤਾਂ ਕਰਜ਼ਾ ਚੱਕ ਕੇ ਤੈਨੂੰ ਭੇਜਿਐ..."

"ਨਹੀਂ ਭਾਪਾ! ਮੈਂ ਵਾਪਸ ਆਉਣੈਂ..."

"ਲੈ! ਮੈਂ ਤਾਂ ਤੇਰੇ ਭਰਾ ਨੂੰ ਵੀ ਅੰਗਰੇਜੀ ਸਿੱਖਣੇ ਪਾਇਐ... ਬਈ ਸਾਲ ਹੋ ਗਿਆ ਥੋਨੂੰ ਗਿਆਂ ਨੂੰ... ਹੁਣ ਏਹਨੂੰ ਵੀ ਮੰਗਾ ਲੌਂ'ਗੇ... ਫੇਰ ਕਿਤੇ ਅਸੀਂ ਵੀ ਆਹ ਪਸ਼ੂਆਂ ਆਲੀ ਜੂਨ ਚੋਂ ਨਿੱਕਲਾਂਗੇ... ਉਹ ਤੇਰਾ ਘਰਵਾਲਾ ਕਿੱਥੇ ਐ?... ਗਿੰਦਰ...?"

"ਭਾਪਾ! ਅਸੀਂ ਕਮਰੇ ਦਾ ਕਿਰਾਇਆ ਨਹੀਂ ਦਿੱਤਾ... ਮਾਲਕਾਂ ਨੇ ਸਾਨੂੰ ਕੱਢ 'ਤਾ... ਗਿੰਦਰ ਨੂੰ ਸਾਲ ਤੋਂ ਨੌਕਰੀ ਨਹੀਂ ਮਿਲੀ... ਅੰਗਰੇਜੀ ਤਾਂ ਉਹਨੂੰ ਆਉਂਦੀ ਨਹੀਂ... ਮੈਨੂੰ ਵੀ ਕਦੇ ਕਦੇ ਈ ਛੋਟਾ ਮੋਟਾ ਕੰਮ ਮਿਲਦੈ..." ਸਮੁੰਦਰ ਪਾਰੋਂ ਭਿੱਜੀ-ਭਿੱਜੀ ਆਵਾਜ਼ ਆ ਰਹੀ ਸੀ।

"ਤੇ ਤੇਰਾ ਸਹੁਰਾ ਨੀ ਭੇਜਦਾ ਕੁਸ਼?"

"ਕੁਸ਼ ਚਿਰ ਤਾਂ ਭੇਜਦਾ ਰਿਹਾ... ਹੁਣ ਉਹਦੀ ਵੀ ਭਿਆਂ ਹੋ'ਗੀ... ਅਸੀਂ ਗੁਰਦੁਆਰਿਉਂ ਰੋਟੀ ਖਾ ਲੈਨੇ ਆਂ..."

"ਤੇ ਫਿਰ ਰਹਿਨੇ ਕਿੱਥੇ ਆਂ?"

"ਗਿੰਦਰ ਆਵਦੇ ਦੋਸਤਾਂ ਨਾਲ ਰਹਿਣ ਚਲਾ ਗਿਆ... ਮੈਨੂੰ ਕਹਿੰਦਾ ਆਵਦਾ ਪ੍ਰਬੰਧ ਆਪ ਕਰ..."

"ਹੱਛਿਆ...? ਫਿਰ ਹੁਣ...?"



"ਮੇਰੇ 'ਤੇ ਤਰਸ ਖਾ ਕੇ ਚਾਰ ਪੰਜਾਬੀ ਮੁੰਡਿਆਂ ਨੇ ਆਪਣੇ ਨਾਲ ਰੱਖ ਲਿਐ... ਭਾਪਾ! ਹੁਣ ਬਾਕੀ ਆਪੇ ਸਮਝ ਲੈ? ਮੈਂ ਬਹੁਤ ਔਖੀ ਆਂ ਇਸ ਨਰਕ ਅਰਗੀ ਜ਼ਿੰਦਗੀ ਤੋਂ... ਮੈਨੂੰ ਵਾਪਸ ਬੁਲਾ ਲੋ... ਮੇਰੀ ਸਿਹਤ ਵੀ ਅੱਜ-ਕੱਲ੍ਹ ਠੀਕ ਨਹੀਂ... ਆਖਰੀ ਤਿੰਨ ਡਾਲਰ ਵੀ ਆਹ ਫੋਨ 'ਤੇ ਖਰਚ ਹੋਗੇ"

"ਵਾਪਸ ਕਿੱਦਾਂ ਬੁਲਾਈਏ ਜੱਸੀ ਪੁੱਤ?... ਆਪਣਾ ਤਾਂ ਸਾਰਾ ਪਰੋਗ੍ਰਾਮ ਈ ਤੇਰੇ 'ਤੇ ਨਿਰਭਰ ਐ... ਕੋਸ਼ਿਸ਼ ਕਰ ਕਿਤੇ ਨੌਕਰੀ ਦੀ... ਕੋਈ ਨੀ ਮੱਲ! ਸਭ ਠੀਕ ਹੋ ਜੂ... ਚੰਗਾ ਪੁੱਤ! ਸਾਸਰੀਕਾਲ..."

ਬੂਟਾ ਸਿੰਘ ਫੋਨ ਰੱਖ ਕੇ ਆਪਣੇ ਘਰ ਵੱਲ ਹੋ ਤੁਰਿਆ।

ੴ

## ਮੰਮੀ ਦਾ 'ਡੇ-ਕੇਅਰ ਸੈਂਟਰ'

ਧੀ-ਜਵਾਈ ਦਾ ਨਾਸ਼ਤਾ ਮੇਜ਼ ਉਤੇ ਰੱਖਦੀ ਮਹਿੰਦਰ ਕੌਰ ਚੁੱਪ ਚੁੱਪ ਸੀ।

"ਲੱਗਦੈ ਮੰਮੀ ਜੀ ਇੰਡੀਆ ਬਾਰੇ ਸੋਚ ਸੋਚ ਕੇ ਉਦਾਸ ਨੇ" ਜਵਾਈ ਦੀਪ ਹੱਸ ਕੇ ਬੋਲਿਆ।

" ਮੰਮੀ ਤੁਸੀਂ ਠੀਕ ਓ ਨਾ?" ਧੀ ਸਿਮਰਨ ਨੇ ਨੇੜੇ ਹੁੰਦਿਆਂ ਪਿਆਰ ਨਾਲ ਪੁੱਛਿਆ।

ਮਹਿੰਦਰ ਕੌਰ ਨੇ ਠੰਢਾ ਸਾਹ ਭਰਿਆ ਤੇ ਮਸਾਂ ਹੀ 'ਹਾਂ...' ਕਿਹਾ

ਜੈਕਟ ਪਾਉਂਦਿਆਂ ਜਵਾਈ ਬੋਲਿਆ, "ਮੰਮੀ ਜੀ ਦਾ ਜੀਅ ਲਵਾਉਣ ਲਈ ਮੈਂ ਕੁਝ ਹੋਰ ਸੋਚ ਰਿਹਾ ਸੀ, ਕਿਉਂ ਨਾ ਆਪਾਂ ਬੱਚਿਆਂ ਲਈ ਘਰੇ ਹੀ 'ਡੇ-ਕੇਅਰ ਸੈਂਟਰ' ਖੋਲ੍ਹ ਲਈਏ? ਸਾਰਾ ਦਿਨ ਰੌਣਕ ਬਣੀ ਰਹੂ..."

ਸ਼ਾਮ ਛੇ ਵਜੇ ਦਫਤਰੋਂ ਮੁੜੇ ਤਾਂ ਮੰਮੀ ਨੂੰ ਉਸੇ ਤਰ੍ਹਾਂ ਹੀ ਦੇਖ ਕੇ ਸਿਮਰਨ ਨੇ ਚਾਹ ਬਣਾਈ ਤੇ ਡੌਲੀ ਨੂੰ ਉਹਦੇ ਡੈਡੀ ਦੇ ਹਵਾਲੇ ਕਰ ਕੇ ਮੰਮੀ ਕੋਲ ਬੈਠ ਗਈ।

"ਦੱਸੋ ਨਾ ਮੰਮੀ ਕੀ ਗੱਲ ਐ?"

"ਕੁਝ ਨਹੀਂ" ਮੰਮੀ ਨੇ ਟਾਲਣਾ ਚਾਹਿਆ।

"ਨਹੀਂ... ਦੱਸੋ! ਤੁਹਾਨੂੰ ਮੇਰੀ ਸੌਂਹ..."

"ਕੁਝ ਖਾਸ ਨਹੀਂ ਧੀਏ!... ਰਾਤ ਨੂੰ ਨੀਂਦ ਨਹੀਂ ਆਉਂਦੀ, ਲੱਤਾਂ ਤੇ ਕਮਰ 'ਚ ਬਹੁਤ ਦਰਦ ਰਹਿੰਦੈ, ਅੱਜ ਸਵੇਰ ਤੋਂ ਸਿਰ ਦਰਦ ਵੀ..." ਕਹਿੰਦੀ ਮੰਮੀ ਦੀਆਂ ਅੱਖਾਂ ਵਿੱਚ ਹੰਝੂ ਲਿਸ਼ਕਣ ਲੱਗੇ।

"ਨਹੀਂ ਮੰਮੀ! ਕੁਝ ਹੋਰ ਵੀ ਐ... ਤੁਸੀਂ ਸਾਨੂੰ ਦੱਸਦੇ ਨਹੀਂ"

"ਚੱਲ ਛੱਡ ਪਰ੍ਹੇ..."

"ਨਹੀਂ... ਬੋਲੋ... ਤੁਹਾਨੂੰ ਡੌਲੀ ਦੀ ਸਹੁੰ..."

"ਬੇਟਾ ਕਿਉਂ ਸੌਂਹਾਂ ਪਾਈ ਜਾਂਦੀ ਐਂ? ਦੱਸ ਕੇ ਵੀ ਕੀ ਹੋਊ? ਤੁਹਾਡੀਆਂ ਡਿਊਟੀਆਂ ਤੇ ਘਰ ਦੇ ਕੰਮ ਤੇ ਫਿਰ ਡੌਲੀ ਨੂੰ ਸਾਂਭਣਾ, ਯੂ ਕਾਂਟ ਹੈਲਪ..."

"ਚਲੋ ਦੱਸੋ ਤਾਂ ਸਹੀ... ਵਾਇ ਆਈ ਕਾਂਟ ਹੈਲਪ?" ਹੱਸ ਕੇ ਸਿਮਰਨ ਨੇ ਮਾਹੌਲ ਹਲਕਾ ਕੀਤਾ।



"ਬੇਟਾ! ਤੈਨੂੰ ਪਤਾ ਈ ਐ, ਇੰਡੀਆ 'ਚ ਦੋ ਦੋ ਨੌਕਰ-ਚਾਕਰ, ਮੈਂ ਪੰਦਰਾਂ-ਵੀਹਾਂ ਸਾਲਾਂ ਤੋਂ ਘਰ ਦਾ ਕੋਈ ਕੰਮ ਨਹੀਂ ਕੀਤਾ, ਪਾਣੀ ਵੀ ਆਪ ਪਾ ਕੇ ਨੀ ਸੀ ਪੀਤਾ ਕਦੇ, ਹੁਣ ਛੋਟੇ ਜਿਹੇ ਇਸ ਘਰ-ਪਰਿਵਾਰ ਦਾ ਕੰਮ ਕਰਦਿਆਂ ਬਹੁਤ ਥੱਕ ਜਾਂਦੀ ਹਾਂ, ਥਕਾਵਟ ਤੇ ਦਰਦ ਨਾਲ ਠੀਕ ਤਰ੍ਹਾਂ ਨੀਂਦ ਨਹੀਂ ਆਉਂਦੀ, ਨਾਲੇ ਹੁਣ ਤਾਂ ਉਮਰ ਵੀ ਹੋ ਚੱਲੀ ਐ..."

ਧੀ ਨੂੰ ਚੁੱਪ ਤੇ ਹੈਰਾਨ ਦੇਖ ਕੇ ਉਹ ਫਿਰ ਬੋਲੀ, "ਡੌਲੀ ਨੂੰ ਸਾਂਭਦੀ ਦਾ ਆਹ ਹਾਲ ਐ, ਉਤੋਂ ਸਵੇਰੇ ਦੀਪ ਨੇ ਘਰੇ ਡੇ-ਕੇਅਰ ਸੈਂਟਰ ਖੋਲ੍ਹਣ ਦੀ ਗੱਲ ਆਖੀ..."

ਮਹਿੰਦਰ ਕੌਰ ਦੀ ਆਵਾਜ਼ ਅੱਥਰੂਆਂ ਦੇ ਦਰਿਆ ਵਿਚੋਂ ਲੰਘ ਕੇ ਆ ਰਹੀ ਸੀ।

ੴ

# ਲਾਚਾਰੀਆਂ

"ਯਸ਼! ਮੈਂ ਕਈ ਦਿਨਾਂ ਤੋਂ ਸੋਚ ਰਹੀ ਸੀ ਕਿ ਕਿਤੇ ਤੁਹਾਨੂੰ ਬੁਰਾ ਈ ਨਾ ਲੱਗੇ, ਪਰ ਅੱਜ ਰਿਹਾ ਨੀ ਜਾਂਦਾ, ਦੇਸੂ ਨੂੰ ਆਖਿਓ ਕਿ ਉਹ ਉੱਪਰ ਨਾ ਆਇਆ ਕਰੇ, ਉਹਦੇ ਜਾਣ ਤੋਂ ਬਾਅਦ ਕਿੰਨਾ ਚਿਰ ਬੱਚਿਆਂ 'ਚ ਬਦਬੂ ਜਿਹੀ ਮਹਿਸੂਸ ਹੁੰਦੀ ਰਹਿੰਦੀ ਐ, ਕਿਤੇ ਕੋਈ ਬੀਮਾਰੀ ਨਾ ਲੱਗ ਜਾਵੇ ਬੱਚਿਆਂ ਨੂੰ"

"ਦੇਖ ਡਿੰਪਲ!..." ਕੁਝ ਕਹਿਣ ਲੱਗਾ ਯਸ਼ਪਾਲ ਰੁਕ ਗਿਆ, ਦਿਨ ਭਰ ਦਾ ਥੱਕਿਆ-ਟੁੱਟਿਆ ਅਜੇ ਹੁਣੇ ਘਰ ਪਹੁੰਚਿਆ ਸੀ ਤੇ ਤਕਰਾਰ ਕਰਨ ਦੀ ਰੱਤੀ ਭਰ ਵੀ ਹਿੰਮਤ ਨਹੀਂ ਸੀ। ਰੋਟੀ ਖਾਣ ਤੋਂ ਬਾਅਦ ਉਹ ਇਕੱਲਾ ਹੀ ਛੱਤ ਉੱਤੇ ਜਾ ਕੇ ਬੈਠ ਗਿਆ। ਉਸਦਾ ਮਨ ਬਹੁਤ ਬੇਚੈਨ ਅਤੇ ਦੁਖੀ ਸੀ। ਪਹਿਲਾਂ ਡਿੰਪਲ ਦੀ ਜ਼ਿਦ ਕਰਕੇ ਦੇਸੂ ਮਾਮੇ ਨੂੰ ਪਿਛਲੇ ਵਿਹੜੇ ਦੇ ਸਟੋਰ ਵਿੱਚ ਰਹਿਣ ਲਈ ਆਖਣਾ ਪਿਆ ਸੀ, ਜਿੱਥੇ ਬਾਥਰੂਮ ਬਹੁਤ ਛੋਟਾ ਅਤੇ ਡੰਗ-ਟਪਾਊ ਜਿਹਾ ਹੀ ਸੀ। ਗਰਮੀ ਤੋਂ ਬਚਾਅ ਲਈ ਵੀ ਸਿਰਫ ਇੱਕ ਪੁਰਾਣਾ ਜਿਹਾ ਮੇਜ਼-ਪੱਖਾ ਹੀ ਸੀ।

ਕਿੰਨਾ ਪਿਆਰ ਤੇ ਦੇਖ-ਭਾਲ ਦੇਸੂ ਮਾਮਾ ਉਸਦੀ ਅਤੇ ਉਸਦੀ ਛੋਟੀ ਭੈਣ ਦੀ ਕਰਿਆ ਕਰਦੇ ਸਨ। ਨਿੱਕੇ ਹੁੰਦੇ ਤਾਂ ਦੋਵੇਂ ਉਸਦੇ ਮੋਢਿਆਂ ਤੋਂ ਹੀ ਨਾ ਉੱਤਰਦੇ। ਕਿੰਨੀ ਵਾਰ ਤਾਂ ਮਾਂ ਝਿੜਕ ਵੀ ਦਿੰਦੀ, "ਯਸ਼ੂ! ਕਿਉਂ ਏਨਾ ਤੰਗ ਕਰਦੇ ਓ ਦੇਸੂ ਨੂੰ?" ਪਰ ਦੇਸੂ ਮਾਮਾ ਹਮੇਸ਼ਾ ਹੱਸ ਛੱਡਦੇ ਤੇ ਭੈਣ-ਭਰਾ ਦੀਆਂ ਸ਼ਰਾਰਤਾਂ ਜਾਰੀ ਰਹਿੰਦੀਆਂ।

ਯਸ਼ ਦੀ ਮਾਂ ਨੇ ਇਕੱਲਿਆਂ ਹੀ ਦੋਵਾਂ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਪੈਰਾਂ 'ਤੇ ਖੜ੍ਹੇ ਕੀਤਾ ਸੀ। ਭੈਣ ਦੀ ਵਿਦਾਈ ਤੋਂ ਬਾਅਦ ਇੱਕ ਦਿਨ ਮਾਂ ਨੇ ਉਹਨੂੰ ਕੋਲ ਬਿਠਾ ਕੇ ਬੜੀ ਗੰਭੀਰਤਾ ਨਾਲ ਕਿਹਾ ਸੀ, "ਯਸ਼ ਬੇਟਾ! ਤੇਰਾ ਦੇਸੂ ਮਾਮਾ ਮੇਰੇ ਪੇਕਿਆਂ ਦੀ ਨਿਸ਼ਾਨੀ ਐ, ਇਹਦਾ ਅੱਗੇ-ਪਿੱਛੇ ਵੀ ਕੋਈ ਨਹੀਂ, ਝਾਈ ਤੇ ਬਾਊ ਜੀ ਦੇ ਜਾਣ ਪਿਛੋਂ ਆਪਣੇ ਕੋਲ ਹੀ ਆ ਗਿਆ ਸੀ, ਸਾਡੀ ਸੇਵਾ 'ਚ ਇਹਨੇ ਦਿਨ ਰਾਤ ਨੀ ਦੇਖਿਆ, ਮੇਰੇ ਬਾਅਦ ਪੁੱਤਰਾ! ਇਹ ਤੇਰੀ ਜ਼ਿੰਮੇਵਾਰੀ ਐ, ਪੂਰਾ ਮਾਣ-ਸਤਿਕਾਰ ਤੇ ਪਿਆਰ ਦੇਵੀਂ"

ਲਾਚਾਰੀ ਮਹਿਸੂਦੇ ਯਸ਼ ਦੀਆਂ ਅੱਖਾਂ ਨਮ ਹੋ ਗਈਆਂ।



# ਆਪਣੇ ਘਰ ਬਨਵਾਸ

ਮੁੱਦਤ ਤੋਂ ਬਾਅਦ ਰਜਨੀ ਦਾ ਸਵਿਤਾ ਦੇ ਸ਼ਹਿਰ ਜਾਣਾ ਹੋਇਆ। ਸਵਿਤਾ ਉਹਦੇ ਬਚਪਨ ਦੀ ਸਹੇਲੀ ਸੀ, ਕਾਫੀ ਸਮਾਂ ਉਹ ਇਕੋ ਦਫ਼ਤਰ ਵਿਚ ਕੰਮ ਵੀ ਕਰਦੀਆਂ ਰਹੀਆਂ ਤੇ ਫਿਰ ਸੇਵਾ-ਮੁਕਤੀ ਤੋਂ ਬਾਅਦ ਵਿੱਛੜ ਗਈਆਂ। ਸਵਿਤਾ ਨੇ ਨੌਕਰੀ ਦੇ ਆਖਰੀ ਸਾਲਾਂ ਵਿਚ ਸਾਰੀਆਂ ਬੱਚਤਾਂ ਅਤੇ ਕਰਜ਼ੇ ਨਾਲ ਖ਼ੂਬਸੂਰਤ ਮਕਾਨ ਬਣਾ ਲਿਆ ਸੀ ਤੇ ਸੇਵਾ-ਮੁਕਤੀ ਤੋਂ ਮਿਲੇ ਪੈਸਿਆਂ ਨਾਲ ਕਰਜ਼ਾ ਉਤਾਰ ਕੇ ਸੁਰਖ਼ਰੂ ਹੋ ਗਈ ਸੀ। ਹੁਣ ਉਹ ਆਪਣੇ ਨੂੰਹ-ਪੁੱਤ ਨਾਲ ਉਸੇ ਮਕਾਨ ਵਿੱਚ ਹੀ ਰਹਿੰਦੀ ਸੀ। ਉਸਨੂੰ ਮਿਲਣ ਗਈ ਤਾਂ ਉਹਦੀ ਹਾਲਤ ਦੇਖ ਕੇ ਰਜਨੀ ਦੇ ਦਿਲ ਨੂੰ ਧੱਕਾ ਜਿਹਾ ਲੱਗਾ, ਸਧਾਰਨ ਜਿਹੇ ਮਟਮੈਲੈ ਕੱਪੜੇ... ਕਮਜ਼ੋਰ ਹੋਇਆ ਸਰੀਰ... ਮੋਟੀਆਂ ਐਨਕਾਂ... ਝੁਰੜੀਆਂ ਭਰਿਆ ਚਿਹਰਾ... ਬੇਤਰਤੀਬ ਤੇ ਵੱਟੋ-ਵੱਟ ਹੋਇਆ ਬਿਸਤਰਾ।

"ਬੁਝੋ ਜੀ, ਭਲਾ ਕੌਣ ਆਇਐ?" ਰਜਨੀ ਆਪਣੀ ਡੁਬਦੀ ਜਿਹੀ ਆਵਾਜ਼ ਵਿਚ ਉਮਾਹ ਭਰ ਕੇ ਬੋਲੀ।

ਬਾਹੀ ਦਾ ਸਹਾਰਾ ਲੈ ਕੇ ਉਹ ਉੱਠ ਕੇ ਬੈਠ ਗਈ ਤੇ ਬੋਲੀ, "ਆਵਾਜ਼ ਤਾਂ ਰਜਨੀ ਵਰਗੀ ਐ... ਤੂੰ ਹੀ ਹੈਂ ਰਜਨੀ?"

"ਹਾਂ ਹਾਂ ਭੈਣੇ!... ਮੈਂ ਹੀ ਹਾਂ..." ਉਹਨੂੰ ਜੱਫੀ ਵਿੱਚ ਲੈਂਦਿਆਂ ਰਜਨੀ ਬੋਲੀ, "ਕੀ ਹਾਲ ਐ ਤੇਰਾ ਸਵਿਤਾ?"

"ਬੱਸ ਠੀਕ ਈ ਐ... ਰੱਬ ਜਿਹੜੇ ਹਾਲ 'ਚ ਰੱਖੇ... ਤੂੰ ਦੇਖ ਹੀ ਰਹੀ ਹੈਂ..." ਮੱਧਮ ਜਿਹੇ ਬੋਲਾਂ ਤੇ ਵਿਚਾਰਗੀ ਨੇ ਰਜਨੀ ਦੀਆਂ ਅੱਖਾਂ ਸਿਲ੍ਹੀਆਂ ਕਰ ਦਿੱਤੀਆਂ।

"ਆਹ ਸਵੇਰ ਦਾ ਕੁਸ਼ ਨਹੀਂ ਖਾਧਾ ਤੂੰ?" ਸਿਰਹਾਣੇ ਵੱਲ ਪਈ ਥਾਲੀ ਵਿੱਚ ਰੋਟੀਆਂ ਤੇ ਸਬਜ਼ੀ ਦੇਖਦੀ ਰਜਨੀ ਨੇ ਸਹੇਲੀ ਨੂੰ ਮੋਢਿਆਂ ਤੋਂ ਹਿਲਾਉਂਦਿਆਂ ਪੁੱਛਿਆ।

"ਸਵੇਰੇ ਭੁੱਖ ਨਹੀਂ ਲੱਗਦੀ, ਜਦੋਂ ਨੂੰ ਲੱਗਦੀ ਐ ਰੋਟੀਆਂ ਸੁੱਕ ਜਾਂਦੀਆਂ ਨੇ ਤੇ ਚਿੱਥੀਆਂ ਨਹੀਂ ਜਾਂਦੀਆਂ, ਕੋਈ ਤਰੀ ਵਾਲੀ ਸਬਜ਼ੀ ਜਾਂ ਦਾਲ ਹੋਵੇ ਤਾਂ ਚੂਰ ਕੇ ਨਰਮ ਕਰ ਲਵਾਂ, ਚੱਲ ਛੱਡ! ਤੂੰ ਆਪਣੀ ਸੁਣਾ..."

"ਪਰ ਤੂੰ ਤਾਂ ਆਪਣੇ ਤਿੰਨਾਂ ਬੱਚਿਆਂ ਨੂੰ ਅੱਡੋ-ਅੱਡ ਸਮੇਂ ਉਹਨਾਂ ਦੀ ਪਸੰਦ ਦਾ ਖਾਣਾ ਖੁਆਂਦੀ ਰਹੀ ਐਂ... ਤੇ ਤੇਰੇ ਨਾਲ ਆਹ ਕੁਝ? ਮੈਂ ਹੁਣੇ ਈ ਕਰਦੀ ਆਂ ਤੇਰੀ ਨੂੰਹ-ਰਾਣੀ ਨਾਲ ਗੱਲ..."

"ਨਾ ਨਾ... ਕੁਝ ਨਾ ਕਹੀਂ... ਐਵੇਂ ਕਲੇਸ ਵਧੂ..."

ਪਰ ਰਜਨੀ ਨਾ ਹਟੀ, "ਧੀ-ਰਾਣੀਏਂ! ਤੂੰ ਆਪਣੀ ਸਾਸੂ-ਮਾਂ ਦਾ ਖਿਆਲ ਰੱਖਿਆ ਕਰ, ਬਥੇਰਾ ਕੰਮ ਕੀਤੈ ਇਹਨੇ, ਹੁਣ ਏਸ ਉਮਰ 'ਚ ਇਹ..."

"ਸਾਸੂ-ਮਾਂ ਦੇ ਨਖਰੇ ਈ ਸੂਤ ਨੀ ਆਉਂਦੇ, ਕੰਮ ਮੁਕਾ ਕੇ ਕਿਤੇ ਭੋਰਾ ਆਰਾਮ ਕਰਨ ਬਹਿ ਜਾਵਾਂ ਤਾਂ ਹੋਕਰੇ ਮਾਰ-ਮਾਰ ਦੁਖੀ ਕਰ ਦਿੰਦੀ ਐ, ਆਹ ਬਣਾ ਦੇ, ਔਹ ਬਣਾ ਦੇ, ਇਹਦੀ ਜੀਭ ਦੇ ਸੁਆਦ ਈ ਨੀ ਪੂਰੇ ਹੁੰਦੇ, ਜੋ ਘਰੇ ਬਣਿਐ ਉਹੀ ਤਾਂ ਮਿਲੂ..."

ਟੀ. ਵੀ. ਸੀਰੀਅਲ ਵਿਚ ਮਸਤ ਨੂੰਹ-ਰਾਣੀ ਦੀ ਆਵਾਜ਼ ਵਿੱਚੋਂ ਗੋਡੇ ਗੋਡੇ ਖਿਝ ਝਲਕ ਰਹੀ ਸੀ।

ੴ



## ਸਿਰੋਂ ਲਹਿੰਦੀ ਪੰਡ

ਨੀਨਾ ਪਤੀ ਨਾਲੋਂ ਵੱਖਰੀ ਹੋ ਕੇ ਆਪਣੇ ਦੋਵਾਂ ਬੱਚਿਆਂ ਨਾਲ ਨਵੀਂ ਕਲੋਨੀ ਵਿੱਚ ਆ ਗਈ। ਉਸਦੇ ਨਾਲ ਹੀ ਆ ਗਈ ਸਵਾਲਾਂ ਦੀ ਪੰਡ, "ਬੱਚੇ ਕਿਵੇਂ ਪਾਲੂੰ? ਕਿਵੇਂ ਗੁਜ਼ਾਰਾ ਕਰੂੰ? ਜੇ ਬੱਚੇ ਵੱਡੇ ਹੋ ਕੇ ਛੱਡ ਗਏ ਫੇਰ? ਜ਼ਿੰਦਗੀ ਦੇ ਅਖੀਰਲੇ ਪੜਾਅ ਨੂੰ ਇਕੱਲੀ ਕਿਵੇਂ ਗੁਜ਼ਾਰੂੰ?" ਫਿਰ ਸੋਚਦੀ, "ਚਲੋ ਹੌਸਲੇ ਨਾਲ ਏਡਾ ਵੱਡਾ ਫ਼ੈਸਲਾ ਲੈ ਲਿਆ, ਅੱਗੇ ਵੀ ਰੱਬ ਭਲੀ ਕਰੂਗਾ, ਸਹਾਈ ਹੋਊਗਾ?"

ਉਸਦੇ ਘਰ ਦੇ ਸਾਹਮਣੇ ਸੜਕੋਂ ਪਾਰਲੇ ਘਰ ਰੋਜ਼ ਸ਼ਾਮ ਇੱਕ ਆਦਮੀ ਇਕ ਪੰਡ-ਨੁਮਾ ਚੀਜ਼ ਨੂੰ ਬਾਹਰ ਬਰਾਂਡੇ ਵਿੱਚ ਪਈ ਕੁਰਸੀ 'ਤੇ ਟਿਕਾ ਦਿੰਦਾ, ਫਿਰ ਕੋਲ ਬਹਿ ਕੇ ਗੱਲਾਂ ਕਰਦਾ ਜਾਪਦਾ ਜਾਂ ਕਦੇ-ਕਦੇ ਕੋਈ ਖਾਣ-ਪੀਣ ਵਾਲੀ ਚੀਜ਼ ਲਿਆ ਕੇ ਉਹਨੂੰ ਖੁਆਉਂਦਾ ਲੱਗਦਾ। ਕੁਝ ਸਮਝ ਨਾ ਆਉਂਦੀ ਕਿ ਇਹ ਕੀ ਹੋ ਰਿਹਾ ਹੈ? ਹਰ ਰੋਜ਼ ਇਸ ਤਰ੍ਹਾਂ ਹੀ ਹੁੰਦਾ, ਕਦੇ ਕਦੇ ਆਦਮੀ ਬਦਲ ਜਾਂਦਾ, ਨੀਨਾ ਨੂੰ ਉਤਸੁਕਤਾ ਤਾਂ ਬਹੁਤ ਰਹਿੰਦੀ, ਪਰ ਜਾ ਕੇ ਪੁੱਛਣ-ਦੱਸਣ ਦਾ ਰਿਵਾਜ਼ ਨਹੀਂ ਸੀ। ਉਹ ਦਿਨੇ ਨੌਕਰੀ ਕਰਦੀ, ਸ਼ਾਮ ਨੂੰ ਬੱਚਿਆਂ ਨਾਲ ਖੇਡ-ਪੜ੍ਹ ਕੇ ਸਮਾਂ ਬਿਤਾਉਂਦੀ। ਦਿਨ, ਹਫਤੇ, ਮਹੀਨੇ ਗੁਜ਼ਰ ਗਏ, ਬੱਚੇ ਸਕੂਲ ਜਾਣ ਲੱਗ ਪਏ ਸਨ, ਉਹ ਆਪ ਪੱਕੇ ਪੈਰੀਂ ਹੋ ਗਈ ਸੀ।

ਇਕ ਦਿਨ ਫਿਊਨਰਲ-ਵੈਨ ਸਾਹਮਣੇ ਘਰ ਆ ਖੜੋਈ, ਕਾਫੀ ਸਾਰੀਆਂ ਕਾਰਾਂ ਅਤੇ ਲੋਕ ਇਕੱਠੇ ਹੋ ਗਏ। ਨੀਨਾ ਤੋਂ ਰਹਿ ਨਾ ਹੋਇਆ, ਇੱਕ ਪੰਜਾਬੀ ਸੂਟ ਵਾਲੀ ਔਰਤ ਕੋਲ ਜਾ ਖੜ੍ਹੀ, "ਸਤਿ ਸ੍ਰੀ ਆਕਾਲ ਭੈਣ ਜੀ! ਕਿਹਦੀ ਡੈੱਥ ਹੋ ਗਈ?"

"ਓਹ! ਲੂਸੀ...? ...ਪੂਅਰ ਲੇਡੀ... ਭਰ ਜੁਆਨੀ 'ਚ ਵਿੱਡੋ ਹੋ ਗਈ ਵਿਚਾਰੀ, ਚਾਰ ਕਿਡਜ਼ ਨੂੰ ਪਾਲਿਆ-ਪੋਸਿਆ, ਪੜ੍ਹਾਇਆ ਤੇ ਵਧੀਆ ਜੌਬਾਂ ਜੋਗੇ ਕਰ'ਤਾ... ਪਰ ਓਲਡ ਏਜ ਵਿੱਚ ਇਹਨਾਂ ਬੱਚਿਆਂ ਨੇ ਵੀ ਮਮਤਾ ਦਾ ਕਰਜ਼ਾ ਪਿਆਰ ਤੇ ਸਿਦਕ ਨਾਲ ਲਾਹਿਆ"

ਨੀਨਾ ਨੂੰ ਹੁਣ ਸਮਝ ਆਈ ਕਿ ਉਹ ਪੰਡਨੁਮਾ ਚੀਜ਼ ਇੱਕ ਔਰਤ ਸੀ, ਜਿਸਦੀ ਰਾਤ ਮੌਤ ਹੋ ਗਈ ਸੀ। ਨੀਨਾ ਨੂੰ ਰਾਹਤ ਜਿਹੀ ਮਹਿਸੂਸ ਹੋਈ, ਜਿਵੇਂ ਸਵਾਲਾਂ ਦੀ ਪੰਡ ਉਹਦੇ ਸਿਰ ਤੋਂ ਉੱਤਰ ਗਈ ਸੀ।

## ਕੇਹਾ ਪੁੰਨ ?

ਸ੍ਰੀਮਤੀ ਖੋਸਲਾ ਅਤੇ ਪਰਿਵਾਰ ਨੂੰ ਅਸ਼ਟਮੀ ਵਾਲੇ ਦਿਨ ਕੰਜਕਾਂ ਇਕੱਠੀਆਂ ਕਰਕੇ ਭੋਜਨ ਛਕਾਉਣ ਦੀ ਬੜੀ ਚਿੰਤਾ ਸੀ। ਅੱਜਕੱਲ੍ਹ ਤਾਂ ਕੰਜਕਾਂ ਲੱਭਦੀਆਂ ਹੀ ਨਹੀਂ, ਜੇ ਲੱਭ ਵੀ ਜਾਣ ਤਾਂ ਉਹ ਐਨਾ ਖਾ ਚੁੱਕੀਆਂ ਹੁੰਦੀਆਂ ਹਨ ਕਿ ਹੋਰ ਖਾਣ ਲਈ ਮੰਨਦੀਆਂ ਹੀ ਨਹੀਂ। ਖੋਸਲਾ ਪਰਿਵਾਰ ਨੇ ਦੋ ਦਿਨ ਪਹਿਲਾਂ ਹੀ ਨਿਉਂਦਾ ਦੇਣਾ ਠੀਕ ਸਮਝਿਆ। ਕੰਜਕਾਂ ਵਾਲੇ ਦਿਨ ਤਿੰਨ ਕੁੜੀਆਂ ਦੇ ਮਾਪਿਆਂ ਨੇ ਅਸਮੱਰਥਤਾ ਜ਼ਾਹਿਰ ਕਰ ਦਿੱਤੀ ਤੇ ਜਿਹਨਾਂ ਚਹੁੰ ਨੇ ਹਾਂ ਕੀਤੀ ਸੀ, ਉਹ ਵੀ ਨਹੀਂ ਪਹੁੰਚੀਆਂ। ਉਡੀਕ ਉਡੀਕ ਕੇ ਖੋਸਲਾ ਸਾਹਿਬ ਨੇੜਲੇ ਝੌਂਪੜਪੱਟੀ ਵਾਲੇ ਸਕੂਲ ਵਿੱਚ ਜਾ ਪਹੁੰਚੇ, ਉੱਥੇ ਦੇਖਾ-ਦੇਖੀ 8-10 ਬੱਚੀਆਂ ਤਿਆਰ ਹੋ ਗਈਆਂ। ਜਦ ਤੱਕ ਉਹ ਘਰ ਪਹੁੰਚੇ ਤਾਂ ਪਹਿਲਾਂ ਵਾਲੀਆਂ ਚਾਰ ਕੰਜਕਾਂ ਆ ਗਈਆਂ ਸਨ ਤੇ ਪੂਜਾ ਅਰਾਧਨਾ ਤੋਂ ਬਾਅਦ ਭੋਜਨ ਛਕ ਰਹੀਆਂ ਸਨ। ਐਨੀਆਂ ਬੱਚੀਆਂ ਦੇਖ ਕੇ ਸ੍ਰੀਮਤੀ ਖੋਸਲਾ ਨੂੰ ਘਬਰਾਹਟ ਦੇ ਨਾਲ ਗੁੱਸਾ ਚੜ੍ਹ ਗਿਆ।

"ਖੋਸਲਾ ਜੀ! ਤੁਸੀਂ ਤਾਂ ਬੱਸ ਸੋਚਦੇ ਹੀ ਨਹੀਂ, ਇਹ ਕੋਈ ਯਤੀਮ ਖਾਨਾ ਐ? ਚੱਕ ਲਿਆਏ ਹੇੜ੍ਹ ਦੀ ਹੇੜ੍ਹ"

"ਆਓ ਨੀ..." ਤਿੰਨ ਠੀਕ-ਠਾਕ ਕਪੜਿਆਂ ਵਾਲੀਆਂ ਤੇ ਸਾਫ਼-ਸੁਥਰੀਆਂ ਕੁੜੀਆਂ ਨੂੰ ਅੰਦਰ ਲਿਜਾਂਦੀ ਸ੍ਰੀ ਮਤੀ ਖੋਸਲਾ ਆਪਣੇ ਪਤੀ ਨੂੰ ਬੋਲੀ, "ਬਾਕੀਆਂ ਨੂੰ ਛੱਡ ਆਓ ਜਿੱਥੋਂ ਲਿਆਏ ਓ..."

ੴ



## ਵਕਤਾਂ ਦੇ ਪਾਏ ਵਖ਼ਤ

ਓਮ ਪ੍ਰਕਾਸ਼ ਅਤੇ ਸੁਨੀਤਾ ਜਾਗਰੂਕ ਅਧਿਆਪਕ ਹੋਣ ਦੇ ਨਾਲ-ਨਾਲ ਲੇਖਕ ਵੀ ਸਨ।

ਸੁਨੀਤਾ ਦੀਆਂ ਭਾਵਪੂਰਨ ਕਵਿਤਾਵਾਂ ਅਤੇ ਓਮ ਪ੍ਰਕਾਸ਼ ਦੇ ਅਜੋਕੀ ਸਮਾਜਿਕ ਦਸ਼ਾ ਲਈ ਜ਼ਿੰਮੇਵਾਰ ਕੁਰੀਤੀਆਂ ਬਾਰੇ ਲੇਖ ਪਾਠਕਾਂ ਵੱਲੋਂ ਬਹੁਤ ਸਲਾਹੇ ਜਾਂਦੇ। ਉਹਨਾਂ ਦੇ ਮਿੱਤਰ ਅਧਿਆਪਕ ਅਤੇ ਪ੍ਰਿੰਸੀਪਲ ਸੈਣੀ ਸਾਹਿਬ ਉਹਨਾਂ ਨੂੰ ਬਹੁਤ ਹੱਲਾਸ਼ੇਰੀ ਦਿੰਦੇ। ਅਮਰੀਕਾ ਜਾ ਕੇ ਵੀ ਸੈਣੀ ਸਾਹਿਬ ਕਦੇ ਕਦੇ ਉਹਨਾਂ ਨੂੰ ਫੋਨ ਕਰਦੇ ਰਹਿੰਦੇ।

ਅੱਜ ਕਾਫੀ ਅਰਸੇ ਬਾਅਦ ਸੈਣੀ ਸਾਹਿਬ ਦਾ ਫੋਨ ਆਇਆ, ਹਾਲ-ਚਾਲ ਅਤੇ ਸਿਹਤ ਬਾਰੇ ਜਾਣਨ ਤੋਂ ਬਾਅਦ ਉਹਨਾਂ ਨੇ ਪੁੱਛਿਆ, "ਫਿਰ ਅੱਜਕੱਲ੍ਹ ਕੀ ਲਿਖ ਰਹੇ ਓ?"

"ਅਦਾਲਤੀ ਪਟੀਸ਼ਨਾਂ ਤੇ ਵਕੀਲਾਂ ਵੱਲੋਂ ਲਿਖਾਏ ਜਾਂਦੇ ਝੂਠੇ ਸੱਚੇ ਬਿਆਨ..."

"ਲੱਗਦੈ ਬੇਟੀ ਦੇ ਵਿਆਹ ਦਾ ਕੇਸ ਅਜੇ ਖਤਮ ਨਹੀਂ ਹੋਇਆ"

"ਸਰ, ਤਿੰਨ ਸਾਲ ਹੋ ਗਏ ਕਚਹਿਰੀਆਂ 'ਚ ਧੱਕੇ ਖਾਂਦਿਆਂ ਨੂੰ"

"ਕੀ ਕੀਤਾ ਜਾਵੇ... ਸਿਸਟਮ ਹੀ ਇਹੋ ਜਿਹੈ... ਇਨਸਾਫ ਲੈਣਾ ਬੜਾ ਔਖੈ... ਖ਼ੈਰ! ਬਾਕੀ ਸਮਾਂ ਕੀ ਕਰਦੇ ਓ?"

"ਅਗਲੀ ਤਰੀਕ ਦਾ ਇੰਤਜ਼ਾਰ..."

ੴ

## ਬੜਾ ਪਾਪ

ਸਨਿੱਚਰਵਾਰ ਮੇਰਾ ਛੁੱਟੀ ਦਾ ਦਿਨ ਹੁੰਦਾ। ਘਰੋਂ ਬਾਹਰ ਬਗੀਚੀ ਵਿੱਚ ਆਰਾਮ ਨਾਲ ਦੋ ਘੰਟੇ ਬੈਠ ਕੇ ਅਖ਼ਬਾਰ ਪੜ੍ਹਨ ਅਤੇ ਦੁਨੀਆਂ ਬਾਰੇ ਜਾਣਕਾਰੀ ਹਾਸਿਲ ਕਰਨ ਦਾ ਨੇਮ ਜਿਹਾ ਹੀ ਬਣ ਗਿਆ ਸੀ। ਉਸੇ ਸਮੇਂ ਦੌਰਾਨ ਨਰਮ ਜਿਹੀ ਉਮਰ ਦਾ ਇੱਕ ਮੁੰਡਾ ਖੁਲ੍ਹੇ ਮੂੰਹ ਵਾਲਾ ਡੋਲੂ ਫੜੀ, "ਸ਼ਨੀ ਕਾ ਤੇਲ!... ਸ਼ਨੀ ਕਾ ਆਸੀਸ ਲੈ ਲਓ ਬਾਬੂ" ਕਰਦਾ ਮੇਰੇ ਕੋਲੋਂ ਦੀ ਲੰਘਦਾ। ਇੱਕ ਦਿਨ ਅਖ਼ਬਾਰ ਵਿੱਚ ਮਨ ਨਾ ਲੱਗਣ ਕਰਕੇ ਮੈਂ ਮੁੰਡੇ ਨੂੰ ਆਪਣੇ ਕੋਲ ਬੁਲਾ ਲਿਆ। ਗੇਟੋਂ ਅੰਦਰ ਵੜਦੇ ਮੁੰਡੇ ਦੇ ਚਿਹਰੇ ਉੱਤੇ ਆਸ ਅਤੇ ਖ਼ੁਸ਼ੀ ਦਾ ਝਲਕਾਰਾ ਸੀ।

"...ਬਈ! ਸ਼ਨੀ ਮਹਾਰਾਜ ਤੈਨੂੰ ਵੀ ਕੁਝ ਅਸੀਸ 'ਚ ਦਿੰਦੇ ਨੇ?"

ਗੰਭੀਰ ਜਿਹਾ ਹੋ ਕੇ ਉਹ ਬੋਲਿਆ, "ਪਤਾ ਨਹੀਂ ਸ਼ਾਹਬ! ਤੇਲ ਸੇ ਘਰ ਕੀ ਏਕ ਹਫਤੇ ਕੀ ਦਾਲ ਸਬਜ਼ੀ ਬਨ ਜਾਤੀ ਹੈ... ਪੈਸੋਂ ਸੇ ਹਲਦੀ ਨਮਕ ਕਾ ਖਰਚਾ... ਲੇਕਿਨ ਬਾਬੂ ਜੀ! ਆਪਨੇ ਤੋ ਕਭੀ..."

"ਭਾਈ! ਲੋਕ ਆਪਣੇ ਪਾਪ ਬਖਸ਼ਾਉਣ ਵਾਸਤੇ ਦਾਨ ਕਰਦੇ ਐ... ਮੈਂ ਕੋਈ ਪਾਪ ਹੀ ਨਹੀਂ ਕਰਦਾ... ਮੈਨੂੰ ਜ਼ਰੂਰਤ ਹੀ ਨਹੀਂ..." ਮੈਂ ਵਿੱਚੋਂ ਹੀ ਉਹਦੀ ਗੱਲ ਕੱਟ ਦਿੱਤੀ।

"ਬਾਬੂ ਜੀ! ਬਹੁਤ ਪਿਆਸ ਲੱਗੀ ਹੈ... ਨਲਕੇ ਸੇ ਪਾਨੀ ਪੀ ਲੂੰ?"

"ਹਾਂ ਹਾਂ! ਪੀ ਲੋ..."

ਨੇੜੇ ਹੀ ਲੱਗੇ ਨਲਕੇ ਤੋਂ ਗਟਾ-ਗਟ ਪਾਣੀ ਪੀਂਦੇ ਨੂੰ ਦੇਖਕੇ ਮੈਨੂੰ ਉਹਦੀ ਗਰੀਬੀ ਅਤੇ ਮਾਸੂਮੀਅਤ ਉੱਤੇ ਤਰਸ ਜਿਹਾ ਆਇਆ। ਮੈਨੂੰ ਲੱਗਿਆ ਕਿ ਸਵੇਰ ਦਾ ਉਸ ਨੇ ਕੁਝ ਨਹੀਂ ਖਾਧਾ-ਪੀਤਾ ਹੋਣਾ। ਮੈਂ ਅੰਦਰੋਂ ਬਿਸਕੁਟ ਲਿਆ ਕੇ ਦਿੱਤੇ ਤਾਂ ਉਹਨੇ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਤੱਕਦਿਆਂ ਉੱਥੇ ਖੜ੍ਹੇ-ਖੜ੍ਹੇ ਨੇ ਹੀ ਖਾ ਲਏ।

ਉਸ ਤੋਂ ਬਾਅਦ ਮੈਂ ਉਹਨੂੰ ਅਕਸਰ ਅੰਦਰ ਬੁਲਾ ਲੈਂਦਾ ਅਤੇ ਕੁਝ ਨਾ ਕੁਝ ਖਾਣ ਨੂੰ ਦੇ ਦਿੰਦਾ। ਉਹਦੀਆਂ ਭੋਲੀਆਂ-ਭਾਲੀਆਂ ਪਰ ਵਿਵਹਾਰਿਕ ਗੱਲਾਂ ਸੁਣ ਕੇ ਮਨ ਨੂੰ ਚੰਗਾ ਚੰਗਾ ਲੱਗਦਾ।

ਅੱਜ ਸਵੇਰ ਤੋਂ ਹਲਕੀ-ਹਲਕੀ ਕਿਣਮਿਣ ਹੋ ਰਹੀ ਸੀ। ਮੈਂ ਬਰਾਂਡੇ ਵਿੱਚ ਬੈਠਾ ਸੀ ਕਿ ਉਹ ਏਧਰ ਝਾਕਦਾ ਹੋਇਆ ਕੋਲੋਂ ਦੀ ਲੰਘਣ ਲੱਗਿਆ।



ਮੇਰੇ ਆਵਾਜ਼ ਮਾਰਨ 'ਤੇ ਅੰਦਰ ਵੜਦਾ ਹੀ ਬੋਲਿਆ, "ਬਾਬੂ ਜੀ! ਆਜ ਤੋ ਏਕ ਬੰਦੇ ਨੇ ਭੀ ਤੇਲ ਯਾ ਪੈਸਾ ਨਹੀਂ ਡਾਲਾ! ਇਸ ਹਫਤੇ ਸਬਜ਼ੀ ਪਤਾ ਨਹੀਂ ਕੈਸੇ ਬਨੇਗੀ?"

ਉਹਦੇ ਮੂੰਹ ਉੱਤੇ ਨਿਰਾਸ਼ਾ ਦੇ ਗਹਿਰੇ ਬੱਦਲ ਛਾ ਰਹੇ ਸਨ।

ਮੈਂ ਚੁੱਪ-ਚਾਪ ਅੰਦਰ ਗਿਆ ਤੇ ਕੱਲ੍ਹ ਹੀ ਲਿਆਂਦੇ ਰਾਸ਼ਨ ਵਿੱਚੋਂ ਸਰ੍ਹੋਂ ਦੇ ਤੇਲ ਦੀ ਬੋਤਲ ਲਿਆ ਕੇ ਉਹਨੂੰ ਫੜਾ ਦਿੱਤੀ, "ਲੈ! ਤੇਰੇ ਸ਼ਨੀ ਮਹਾਰਾਜ ਪਰਸੰਨ ਹੋ ਜਾਏਂਗੇ..."

ਖੁਸ਼ੀ ਅਤੇ ਅਸਚਰਜ ਭਰੀਆਂ ਅੱਖਾਂ ਨਾਲ ਮੇਰੇ ਵੱਲ ਦੇਖਦਿਆਂ ਉਹ ਬੋਲਿਆ, "ਬਾਬੂ ਜੀ! ਕਿਆ ਆਪ ਸੇ ਭੀ ਕੋਈ ਬਹੁਤ ਬੜਾ ਪਾਪ ਹੋ ਗਿਆ?"

ੴ

# ਜਾਂਦਾ ਦੁੱਧ-ਆਉਂਦਾ ਦੁੱਧ

"ਏ ਮਾਈ! ਥੋੜ੍ਹਾ ਸਾ ਦੂਧ ਬੱਚੇ ਕੇ ਲੀਏ ਦੇ ਦੋ ਨਾ! ਸੁਬਾਹ ਸੇ ਭੂਖਾ ਹੈ"

ਉਜਲੇ ਕਪੜਿਆਂ ਵਾਲੀ ਮਾਈ ਦੇ ਮੂੰਹੋਂ ਸਿਰਫ 'ਹੂੰਅ...' ਨਿੱਕਲਿਆ ਤੇ ਉਹ ਨਜ਼ਰਾਂ ਫੇਰ ਕੇ ਮੰਦਿਰ ਦੀਆਂ ਪੌੜੀਆਂ ਵੱਲ ਵਧ ਗਈ।

"ਅੱਜ ਤਾਂ ਭਗਵਾਨ ਜੀ ਦੀ ਮੂਰਤੀ ਨੂੰ ਖੁੱਲ੍ਹੇ-ਡੁੱਲ੍ਹੇ ਦੁੱਧ ਨਾਲ ਇਸ਼ਨਾਨ ਕਰਵਾ ਕੇ ਪੋਤੇ ਲਈ ਮੰਨਤ ਮੰਗਾਂਗੀ"

ਇਉਂ ਸੋਚਦੀ ਸੋਚਦੀ ਨੇ ਪੌੜੀ 'ਤੇ ਪੈਰ ਧਰਿਆ ਹੀ ਸੀ ਕਿ ਕਾਹਲ ਨਾਲ ਉਤਰਦੇ ਇਕ ਭਗਤ ਦਾ ਪਾਸਾ ਵੱਜਿਆ ਤੇ ਮਾਈ ਦੇ ਹੱਥੋਂ ਦੁੱਧ ਦੀ ਗੜਵੀ ਛੁੱਟ ਗਈ ਤੇ ਟਨ-ਟਨ ਕਰਦੀ ਦੂਰ ਤੱਕ ਰੁੜ੍ਹਦੀ ਗਈ। ਸਾਰਾ ਦੁੱਧ ਡੁੱਲ੍ਹ ਕੇ ਫਰਸ਼ 'ਤੇ ਵਗ ਤੁਰਿਆ, ਔਰਤ ਨੇ ਝੱਟ ਆਪਣੀ ਪਾਟੀ ਚੁੰਨੀ ਦੇ ਲੜ ਨਾਲ ਉਸਨੂੰ ਸੋਕ ਕੇ ਬਾਟੀ ਵਿੱਚ ਨਿਚੋੜ ਲਿਆ। ਬੱਚੇ ਦਾ ਰੋਣਾ ਰੁਕ ਗਿਆ ਤੇ ਬਾਟੀ ਵਿੱਚ ਦੁੱਧ ਦੇਖ ਕੇ ਉਹਦੀਆਂ ਹੰਝੂ ਭਰੀਆਂ ਅੱਖਾਂ ਵਿਚ ਚਮਕ ਜਿਹੀ ਆ ਗਈ।

ੴ



# ਬੱਸ ਇਕ ਦਿਨ

ਅੱਠਾਂ ਸਾਲਾਂ ਦੀ ਪੁਨੀਤ ਨੇ ਮਸਾਂ ਥੋੜ੍ਹੀ ਜਿਹੀ ਪੰਜਾਬੀ ਲਿਖਣੀ ਪੜ੍ਹਨੀ ਸਿੱਖੀ ਸੀ ਕਿ ਬਲੱਡ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਨੇ ਆ ਘੇਰਿਆ। ਉਸਦੇ ਮਾਮਾ ਜੀ ਤੇ ਮਾਮੀ ਜੀ ਬੱਚਿਆਂ ਸਮੇਤ ਅਮਰੀਕਾ ਤੋਂ ਇਸ ਪਿਆਰੀ ਜਿਹੀ ਬੱਚੀ ਨੂੰ ਮਿਲਣ ਲਈ ਆਏ। ਅੱਜ ਸਵੇਰੇ ਜਦੋਂ ਉਹ ਦਰਬਾਰ ਸਾਹਿਬ ਮੱਥਾ ਟੇਕਣ ਲਈ ਚੱਲਣ ਲੱਗੇ ਤਾਂ ਮਾਮੀ ਨੇ ਬੜੇ ਲਾਡ ਨਾਲ ਪੁਨੀਤ ਨੂੰ ਪੁੱਛਿਆ, "ਮੇਰੀ ਪਰੀ! ਦੱਸ ਅੰਮ੍ਰਿਤਸਰ ਤੋਂ ਤੇਰੇ ਲਈ ਕੀ ਲਿਆਵਾਂ?"

"ਤੁਸੀਂ ਅੰਮ੍ਰਿਤਸਰ ਦਰਬਾਰ ਸਾਹਬ ਜਾਉਂਗੇ? ਸੱਚੀਂ...? ਮੰਮੀ ਕਹਿੰਦੀ ਐ ਉਥੇ ਤਾਂ ਰੱਬ ਜੀ ਰਹਿੰਦੇ ਨੇ"

"ਹਾਂ ਪੁੱਤਰ, ਉਹਨਾਂ ਦੇ ਦਰਬਾਰ ਸਾਹਬ ਹੀ ਮੱਥਾ ਟੇਕਣ ਚੱਲੇ ਆਂ..."

"ਮੇਰਾ ਇਕ ਕੰਮ ਕਰੋਂਗੇ?"

"ਦੱਸ ਪੁੱਤਰ, ਦੱਸ"

"ਆਹ ਚਿੱਠੀ ਉਹਨਾਂ ਤੱਕ ਪਹੁੰਚਾ ਦੇਣਾ... ਪੰਜਾਬੀ ਤਾਂ ਉਹ ਪੜ੍ਹ ਲੈਣਗੇ ਨਾ?"

ਮਾਮੀ ਨੇ ਕਾਗ਼ਜ਼ ਫੜਕੇ ਪਰਸ ਵਿੱਚ ਰੱਖ ਲਿਆ ਤੇ ਉਹਦਾ ਸਿਰ ਪਲੋਸਦੀ ਬੋਲੀ, "ਜ਼ਰੂਰ ਪੁੱਤਰ! ਜ਼ਰੂਰ..."

ਪਰ ਉਸਨੂੰ ਇਹ ਅਹਿਸਾਸ ਨਾ ਹੋਇਆ ਕਿ ਉਹਨੇ ਕਿੰਨੇ ਔਖੇ ਕੰਮ ਲਈ ਹਾਮੀ ਭਰ ਦਿੱਤੀ ਹੈ। ਕਾਗ਼ਜ਼ 'ਤੇ ਲਿਖਿਆ ਸੀ, "ਪਿਆਰੇ ਰੱਬ ਜੀ! ਮੈਨੂੰ ਪਤੈ ਤੁਸੀਂ ਥੋੜ੍ਹੇ ਦਿਨਾਂ ਨੂੰ ਮੈਨੂੰ ਆਪਣੇ ਕੋਲ ਬੁਲਾ ਲੈਣੈਂ, ਤੁਹਾਡੇ ਕੋਲ ਆਉਣ ਤੋਂ ਪਹਿਲਾਂ ਮੈਂ ਆਪਣੀਆਂ ਭੈਣਾਂ ਤੇ ਸਹੇਲੀਆਂ ਨਾਲ ਖ਼ੂਬ ਖੇਡਣਾ ਚਾਹੁੰਦੀ ਹਾਂ, ਲੁਕਣਮੀਚੀ, ਪੀਚੋ, ਗੋਟ੍ਹੀਆਂ ਤੇ ਕਿੰਨਾ ਕੁਝ ਹੋਰ... ਪਰ ਲੱਤਾਂ ਬਾਹਾਂ 'ਚ ਬਹੁਤ ਪੀੜ ਹੋਣ ਕਰਕੇ ਖੇਡ ਨਹੀਂ ਸਕਦੀ... ਇਕ ਦਿਨ ਮੈਨੂੰ ਬਿਨਾਂ ਪੀੜ ਦਾ ਦੇ ਦਿਓ... ਰੱਬ ਜੀ! ਬੱਸ ਇੱਕ ਦਿਨ... ਬਾਇ..."

ਤੁਹਾਡੀ
**ਪੁਨੀਤ**

ੴ

# ਗੁਆਚੇ ਹੱਥ ਦੀ ਤਲਾਸ਼

ਗੁਰਸ਼ਰਨ ਕੌਰ ਨੂੰ ਛਾਬੇ ਵਿਚੋਂ ਦੋ ਤਿੰਨ ਰੋਟੀਆਂ ਕੱਢਦਿਆਂ ਦੇਖ ਕੇ ਗੁਰਦਾਸ ਬੋਲ ਉੱਠਿਆ, "ਮੰਮੀ! ਤੁਹਾਨੂੰ ਪਤੈ ਆਪਣਾ ਗੁਜ਼ਾਰਾ ਕਿਵੇਂ ਚੱਲਦੈ... ਤੁਸੀਂ ਕੁੱਤਿਆਂ ਚਿੜੀਆਂ ਨੂੰ ਰੋਟੀਆਂ ਪਾਉਣ ਬਹਿ ਜਾਂਦੇ ਓ"

"ਨਾਲੇ ਸਾਰੀ ਰਾਤ ਕਮਰੇ ਦੀ ਲਾਈਟ ਜਗਦੀ ਰਹਿੰਦੀ ਐ, ਮਾੜਾ ਜਿਹਾ ਹੱਥ ਹਿਲਾ ਕੇ ਬੰਦ ਕਰ ਦਿਆ ਕਰੋ" ਨੂੰਹ ਨੇ ਵੀ ਸੁਰ ਮਿਲਾਇਆ।

ਗੁਰਸ਼ਰਨ ਕੌਰ ਚੁੱਪ-ਚਾਪ ਆਪਣੇ ਕਮਰੇ ਵੱਲ ਹੋ ਤੁਰੀ, ਉਸ ਤੋਂ ਰੋਣਾ ਨਹੀਂ ਰੁਕ ਰਿਹਾ ਸੀ। ਲਾਚਾਰ ਅਤੇ ਦੁਖੀ ਉਹ ਬਿਸਤਰੇ 'ਤੇ ਪਈ ਸੋਚਾਂ ਵਿੱਚ ਡੁੱਬ ਗਈ। ਉਹਦੇ ਸਵਰਗਵਾਸੀ ਪਤੀ ਨੇ ਤਾਂ ਉਹਨੂੰ ਕਦੇ ਕੋਈ ਨੁਕਸਾਨ ਹੋਣ 'ਤੇ ਟੋਕਿਆ ਵੀ ਨਹੀਂ ਸੀ, ਝਿੜਕਣਾ ਤਾਂ ਦੂਰ ਦੀ ਗੱਲ ਸੀ। ਫਿਰ ਅਗਲੀ ਸੋਚ ਉਹਨੂੰ ਗੁਰਦਾਸ ਦੇ ਜਨਮ ਵੇਲੇ ਦੇ ਦੁੱਖ, ਬੇਬਸੀ ਤੇ ਗੁੱਸੇ ਵੱਲ ਲੈ ਗਈ। ਉਹ ਦਰਦਾਂ ਨਾਲ ਤੜਫ ਰਹੀ ਸੀ, ਹਸਪਤਾਲ ਵਿੱਚ ਡਾਕਟਰ ਨਰਸਾਂ ਉਸ ਵੱਲ ਧਿਆਨ ਨਹੀਂ ਦੇ ਰਹੇ ਸਨ। ਉਸ ਨੇ ਪੂਰਾ ਜ਼ੋਰ ਲਾ ਕੇ ਕਿਹਾ ਸੀ, "ਡਾਕਟਰ ਨੂੰ ਬੁਲਾਓ! ਹਾਇ ਮੈਂ ਦਰਦ ਨਾਲ ਮਰ ਚੱਲੀ..."

ਇੱਕ ਨਰਸ ਆ ਕੇ ਰੁੱਖੀ ਜਿਹੀ ਆਵਾਜ਼ ਵਿੱਚ ਬੋਲੀ, "ਕੀ ਰੌਲਾ ਪਾਇਐ ਬੀਬੀ! ਸਬਰ ਕਰ, ਹੁਣੇ ਆਉਂਦੀ ਐ ਡਾਕਟਰ..."

ਉਹਨੇ ਹੰਝੂਆਂ ਦਾ ਹੜ੍ਹ ਰੋਕਣ ਲਈ ਅੱਖਾਂ ਮੀਚ ਲਈਆਂ। ਐਨੇ ਨੂੰ ਇਕ ਕੋਮਲ ਹੱਥ ਨੇ ਉਹਦੀ ਬਾਂਹ ਨੂੰ ਹਲਕਾ ਜਿਹਾ ਛੋਹਿਆ ਤੇ ਫਿਰ ਅਪਣੱਤ ਜਿਹੀ ਨਾਲ ਘੁੱਟ ਲਿਆ। ਇਹ ਇਕ ਛੋਟੀ ਉਮਰ ਦੀ ਸਿਖਿਆਰਥੀ ਨਰਸ ਸੀ। ਗੁਰਸ਼ਰਨ ਕੌਰ ਨੇ ਗੁੱਸੇ ਨਾਲ ਉਹ ਹੱਥ ਝਟਕ ਦਿੱਤਾ। ਪਰ ਹੱਥ ਫਿਰ ਉਹਦਾ ਮੋਢਾ ਪਲੋਸਣ ਲੱਗਿਆ ਤੇ ਮੱਧਮ ਮਿੱਠੀ ਜਿਹੀ ਆਵਾਜ਼ ਆਈ, "ਆਈ ਨੋਅ ਬਹੁਤ ਪੇਨ ਹੋ ਰਹੀ ਹੈ, ਪਰ ਇਹ ਤਕਲੀਫ ਥੋੜ੍ਹੀ ਦੇਰ ਦੀ ਹੈ ਤੇ ਅਸੀਂ ਸਾਰੇ ਤੁਹਾਡੀ ਹੈਲਪ ਲਈ ਹਾਂ"

ਉਹ ਹੱਥ ਹੌਲੀ ਜਿਹੀ ਉਹਦੇ ਮੱਥੇ ਨੂੰ ਪਲੋਸਣ ਲੱਗਾ... ਕੁਝ ਪਲਾਂ ਵਿੱਚ ਉਸਦਾ ਗੁੱਸਾ, ਲਾਚਾਰੀ ਤੇ ਇਕੱਲਤਾ ਗਾਇਬ ਹੋਣ ਲੱਗੀ...।

ਕਾਸ਼ ਉਹ ਹੱਥ ਅੱਜ ਵੀ ਉਸਦਾ ਮੱਥਾ ਪਲੋਸ ਦਿੰਦਾ...।



# ਲਵ ਯੂ ਡੈਡ

ਨਵੀਂ ਕਾਰ ਘਰ ਪਹੁੰਚਣ 'ਤੇ ਲਲਿਤ ਦਾ ਸਾਰਾ ਪਰਿਵਾਰ ਖੁਸ਼ੀ ਨਾਲ ਝੂਮ ਉੱਠਿਆ, ਤਿੰਨੇ ਬੱਚੇ, ਵੱਡੀ ਦਿਵਿਆ, ਵਿਚਕਾਰਲੀ ਨੈਨਾ ਤੇ ਛੋਟਾ ਪੰਜ ਕੁ ਸਾਲਾਂ ਦਾ ਰਾਹੁਲ ਟੱਪ ਟੱਪ ਕੇ ਤਾੜੀਆਂ ਮਾਰਨ ਲੱਗੇ। ਲਲਿਤ ਦੇ ਮਾਤਾ ਪਿਤਾ ਵਧਾਈ ਦਿੰਦੇ ਹੋਏ ਕਾਰ ਨੂੰ ਨੇੜੇ ਹੋ ਕੇ ਦੇਖਣ ਲੱਗੇ, ਗੁਆਂਢੀ ਵੀ ਆ ਗਏ। ਵਧਾਈਆਂ ਤੋਂ ਬਾਅਦ ਪਾਰਟੀ ਸ਼ੁਰੂ ਹੋ ਗਈ, ਲਲਿਤ ਆਉਂਦਾ ਹੋਇਆ ਮਠਿਆਈ ਤੇ ਪਕੌੜੇ ਲੈ ਆਇਆ ਸੀ। ਅਜੇ ਗਵਾਂਢੀ ਵਿਦਾ ਹੀ ਹੋਏ ਸੀ ਕਿ ਨੈਨਾ ਭੱਜੀ ਆਈ, "ਡੈਡੀ! ਡੈਡੀ! ਰਾਹੁਲ ਨੇ ਕਾਰ 'ਤੇ ਝਰੀਟਾਂ ਮਾਰ ਦਿੱਤੀਆਂ"

ਸਾਰੇ ਚਿੰਤਾ ਜਿਹੀ ਵਿੱਚ ਦੇਖਣ ਲਈ ਬਾਹਰ ਨੂੰ ਦੌੜੇ। ਸੱਚਮੁੱਚ ਬੋਨਟ 'ਤੇ ਝਰੀਟਾਂ ਪਈਆਂ ਹੋਈਆਂ ਸਨ। ਲਲਿਤ ਦਾ ਗੁੱਸਾ ਬੇਕਾਬੂ ਹੋ ਗਿਆ, ਰਾਹੁਲ ਦੇ ਕੱਸਕੇ ਚਪੇੜ ਮਾਰੀ, ਬਚਣ ਲਈ ਭੱਜਾ ਜਾਂਦਾ ਉਹ ਅੜ੍ਹਕ ਕੇ ਡਿੱਗ ਪਿਆ। ਹੇਠਲੇ ਬੁੱਲ੍ਹ 'ਤੇ ਸੱਟ ਲੱਗਣ ਕਾਰਨ ਕਾਫੀ ਖ਼ੂਨ ਵਗਣ ਲੱਗਾ, ਹਸਪਤਾਲ ਜਾ ਕੇ ਟਾਂਕੇ ਲਵਾਉਣੇ ਪਏ। ਪਰਿਵਾਰ ਵਿੱਚ ਚੁੱਪ ਜਿਹੀ ਵਰਤ ਗਈ। ਜਦ ਟਿਕਟਿਕਾ ਹੋ ਗਿਆ ਤਾਂ ਲਲਿਤ ਕਾਰ ਕੋਲ ਜਾ ਕੇ ਬੜੇ ਗਹੁ ਨਾਲ ਝਰੀਟਾਂ ਦੇਖਣ ਲੱਗਿਆ, ਟੁੱਟੀ-ਫੁੱਟੀ ਅੰਗਰੇਜ਼ੀ ਵਿੱਚ ਲਿਖਿਆ ਹੋਇਆ ਸੀ, "ਆਈ ਲਵ ਯੂ ਡੈਡ"

ੴ

# ਕਰਵਟ ਲੈਂਦਾ ਸਮਾਂ

ਇਕ ਵੱਡੇ ਹੋਟਲ ਦੇ ਲਾਅਨ ਵਿੱਚ ਬੈਠੇ ਦਾਦਾ-ਦਾਦੀ, ਚਾਚਾ-ਚਾਚੀ ਅਤੇ ਭੂਆ ਇੰਤਜ਼ਾਰ ਕਰ ਰਹੇ ਸਨ। ਆਖਿਰ ਨੇਹਾ ਆਪਣੀ ਮਾਂ ਦੀ ਉਂਗਲ ਫੜੀ ਆ ਹੀ ਗਈ। ਸਭ ਨੇ ਬੜੇ ਪਿਆਰ ਨਾਲ ਘੁੱਟ ਕੇ ਜੱਫੀ ਪਾਈ, ਬੱਚੀ ਨੇ ਵੀ ਤਾੜੀਆਂ ਵਜਾ ਕੇ ਖੁਸ਼ੀ ਪ੍ਰਗਟਾਈ। ਵਿਧਵਾ ਬਹੂ ਦੇ ਨਾਲ ਦੇ ਸ਼ਹਿਰ ਵਿੱਚ ਰਹਿਣ ਕਰਕੇ ਕਦੇ ਕਦੇ ਹੀ ਮਿਲਣ ਹੁੰਦਾ ਸੀ। ਅੱਜ ਦਾ ਦਿਨ ਮੇਲ-ਮਿਲਾਪ ਅਤੇ ਬੱਚੀ ਨਾਲ ਖੇਡਣ ਲਈ ਨੀਅਤ ਸੀ। ਮਾਵਾਂ-ਧੀਆਂ ਦੇ ਪਿੱਛੇ ਆਈ ਦਸ-ਬਾਰਾਂ ਸਾਲ ਦੀ ਲੜਕੀ ਨੂੰ ਦੇਖ ਕੇ ਬਹੂ ਵੱਲ ਸਵਾਲੀਆ ਨਜ਼ਰਾਂ ਉੱਠੀਆਂ। ਬਹੂ ਨੇ ਦੱਸਿਆ, " ਬੇਟੀ ਨੂੰ ਖਿਡਾਉਣ ਤੇ ਦੇਖਭਾਲ ਲਈ ਹੈਲਪਰ ਰੱਖੀ ਹੈ"

"ਏਹਨੂੰ ਏਥੇ ਕਿਉਂ ਲੈ ਕੇ ਆਈ ਹੈਂ? ਇਹ ਤਾਂ ਪਰਿਵਾਰ ਦੀ ਮੈਂਬਰ ਨਹੀਂ" ਮੱਥੇ ਤਿਊੜੀਆਂ ਪਾਉਂਦੀ ਦਾਦੀ ਬੋਲੀ।

"ਏਹਨੂੰ ਕਹੋ ਉਥੇ ਦੂਸਰੇ ਮੇਜ਼ ਕੋਲ ਜਾ ਬੈਠੇ" ਦਾਦਾ ਜੀ ਵਿਚੋਂ ਹੀ ਬੋਲ ਉੱਠੇ, "ਅਸੀਂ ਨਹੀਂ ਨੌਕਰਾਂ ਨਾਲ ਬੈਠ ਕੇ ਖਾ ਪੀ ਸਕਦੇ"

"ਮੰਮੀ! ਮੈਂ ਤੇ ਗੀਤਾ ਜਾ ਕੇ ਖੇਡੀਏ?" ਨੇਹਾ ਗੀਤਾ ਨੂੰ ਲਗਭਗ ਘੜੀਸਦੀ ਲੈ ਤੁਰੀ।

"ਬੇਟਾ ਨੇਹਾ! ਤੂੰ ਨੌਕਰਾਂ ਨਾਲ ਨਾ ਖੇਡਿਆ ਕਰ"

"ਇਹ ਨੌਕਰ ਨਹੀਂ, ਮੇਰੀ ਸਭ ਤੋਂ ਪਿਆਰੀ ਫਰੈਂਡ ਐ" ਨੇਹਾ ਨੇ ਗੱਲ ਵਿਚੋਂ ਹੀ ਕੱਟ ਦਿੱਤੀ।

ਭੂਆ ਨੇ ਉੱਠ ਕੇ ਨੇਹਾ ਦੇ ਦੋਹਾਂ ਮੋਢਿਆਂ ਉੱਤੇ ਹੱਥ ਰੱਖ ਕੇ ਪਿਆਰ ਨਾਲ ਕਿਹਾ, "ਫਰੈਂਡ ਗੁਆਂਢੀਆਂ ਦੇ ਬੱਚੇ ਹੁੰਦੇ ਨੇ, ਕਲਾਸਮੇਟਸ ਫਰੈਂਡ ਹੁੰਦੇ ਨੇ, ਕੰਮ ਕਰਨ ਵਾਲੇ ਕਿਵੇਂ ਤੁਹਾਡੇ ਫਰੈਂਡ ਹੋਏ?"

ਬਹੂ ਨੂੰ ਲੱਗਿਆ ਕਿ ਏਥੇ ਆ ਕੇ ਬੜੀ ਗ਼ਲਤੀ ਹੋ ਗਈ ਹੈ। ਉਹ ਨੇਹਾ ਤੇ ਗੀਤਾ ਨੂੰ ਲੈ ਕੇ ਬਿਨਾਂ ਕੁਝ ਕਹੇ ਹੀ ਵਾਪਿਸ ਚੱਲ ਪਈ। ਦਾਦਾ ਜੀ ਉੱਠੇ ਤੇ ਬਹੂ ਨੂੰ ਰੋਕਦੇ ਹੋਏ ਬੋਲੇ, "ਰਸ਼ਮੀ ਬੇਟਾ! ਸਾਡੀ ਗੱਲ ਸਮਝਣ ਦੀ ਕੋਸ਼ਿਸ਼ ਕਰ ਕਿ ਅਸੀਂ ਕੀ ਕਹਿ ਰਹੇ ਹਾਂ, ਛੋਟੀ ਜਾਤ ਦੇ ਨੌਕਰਾਂ ਨਾਲ ਬੱਚੀ ਖੇਡੇਗੀ ਤਾਂ ਕਿਹੋ ਜਿਹੇ ਸੰਸਕਾਰ ਲੈ ਕੇ... ਨਾਲੇ ਇਹ ਕਮੀਨੇ..."



"ਪਿਤਾ ਜੀ! ਮਾਫ਼ ਕਰਨਾ, ਇਸ ਪਰਿਵਾਰ 'ਚ ਇਨਸਾਨ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ, ਏਸੇ ਕਰਕੇ ਮੈਂ ਵੱਖਰੇ ਰਹਿਣਾ..." ਅੱਖਾਂ ਪੂੰਝਦੀ ਉਹ ਤੇਜ਼ੀ ਨਾਲ ਅੱਗੇ ਵਧ ਗਈ।

## ਹਥੌੜੇ ਵਰਗਾ ਸਵਾਲ

ਆਪਣੇ ਪੁੱਤਰ ਨੂੰ ਉਡੀਕਦੀ 'ਹਰਿ ਕੀ ਪੌੜੀ' ਕੋਲ ਬੈਠੀ ਰਾਮਦੇਈ ਦੀਆਂ ਅੱਖਾਂ ਪੱਥਰ ਹੋ ਗਈਆਂ ਸਨ। ਸਾਰੇ ਸਰੀਰ ਵਿੱਚ ਦਰਦਾਂ ਅਤੇ ਅਕੜੇਵਾਂ ਮਹਿਸੂਸ ਕਰਦੀ ਦਾ ਉਸਦਾ ਜੀਅ ਉੱਚੀ ਉੱਚੀ ਰੋਣ ਨੂੰ ਕਰ ਰਿਹਾ ਸੀ, ਫਿਰ ਵੀ ਪੁੱਤ ਨੂੰ ਕੋਸਣਾ ਤਾਂ ਦੂਰ, ਹਰ ਸਾਹ ਨਾਲ ਰੱਬ ਨੂੰ ਉਹਦੀ ਸਲਾਮਤੀ ਲਈ ਜੋਦੜੀ ਕਰਦੀ ਹੁਣ ਉਹ ਬੇਹੱਦ ਥੱਕ ਗਈ ਸੀ। ਫਿਰ ਹਿੰਮਤ ਕਰਕੇ ਉੱਠੀ ਅਤੇ ਆਪ ਹੀ ਜਾਕੇ ਲੱਭਣ ਦੀ ਕੋਸ਼ਿਸ਼ ਦਾ ਇਰਾਦਾ ਕਰਕੇ ਇੱਕ ਪਾਸੇ ਬਜ਼ਾਰ ਵੱਲ ਹੋ ਤੁਰੀ। ਇਸ ਭੀੜ ਭਰੇ ਸ਼ਹਿਰ ਵਿੱਚ ਇਕੱਲਤਾ ਤੇ ਡਰ ਨਾਲ ਸਿਮਟਦੀ ਜਾਂਦੀ ਦਾ ਉਸ ਦਾ ਕਿਸੇ ਨਾਲ ਗੱਲ ਕਰਨ ਦਾ ਹੌਸਲਾ ਨਾ ਪਿਆ। ਆਪਣੀ ਗੱਠੜੀ ਨੂੰ ਸਾਂਭਦੀ ਉਹ ਇੱਕ ਪਾਸੇ ਬੈਠ ਗਈ। ਅੱਖਾਂ ਪੂੰਝਦੀ ਨੂੰ ਦੇਖ ਕੇ ਕੋਲ ਖੜ੍ਹੇ ਇਕ ਰੇਹੜੀ ਵਾਲੇ ਨੇ ਪੁੱਛਿਆ, "ਮਾਈ ਕਾਹੇ ਰੋਵਤ ਹੋ? ਕਹਾਂ ਸੇ ਹੋ?'

"ਹਮਾਰ ਬਿਟਵਾ ਹਮੇਂ ਗੰਗਾ ਸਨਾਨ ਕਰਨੇ ਕੇ ਲੀਏ ਛੋੜ ਗਿਆ, ਫਿਰ ਲੌਟਾ ਹੀ ਨਹੀਂ, ਦੁਪਹਿਰ ਸੇ ਸ਼ਾਮ ਹੋ ਗਈ, ਪਰ ਉਸਕਾ ਕਿਛੂ ਪਤਾ ਨਹੀਂ, ਰਾਮ ਜੀ ਰਕਸ਼ਾ ਕਰੇਂ"

ਰੇਹੜੀ ਵਾਲਾ ਉਹਨੂੰ ਪਾਣੀ ਦਾ ਗਲਾਸ ਦਿੰਦਾ ਬੋਲਿਆ, "ਅਰੇ ਮਈਆ! ਯੇਹ ਕੁੰਭ ਕਾ ਮੇਲਾ ਹੈ, ਲਾਖੋਂ ਲੋਗ ਆਵੇਂ, ਬਹੁਤ ਸੇ ਲੋਗ ਅਪਨੇ ਪਰਿਵਾਰ ਸੇ ਵਿਛੁੜ ਜਾਤੇ ਹੈਂ, ਏਸਾ ਕਰੋ! ਕਿਸੀ ਪੁਲੀਸ ਵਾਲੇ ਕੋ ਮਿਲਕਰ ਸਭ ਬਤਾ ਦੋ... ਉਧਰ ਥੋੜ੍ਹੀ ਦੂਰੀ ਪਰ ਪੁਲੀਸ ਚੌਂਕੀ ਭੀ ਹੈ, ਵਹਾਂ ਜਾਓ!"

"ਨਹੀਂ! ਹਮੇਂ ਡਰ ਲਗਤਾ ਹੈ... ਇਬ ਕਾ ਕਰੂੰ ਰਾਮਾ?"

"ਅਰੇ ਜਾਓ ਤੋ ਸਹੀ! ਸ਼ਾਇਦ ਕਿਛੂ ਮੱਦਦ ਹੋ ਜਾਏ..."

ਰਾਮਦੇਈ ਮੱਥੇ ਨੂੰ ਮਲਦੀ ਕੁਝ ਸੋਚ ਹੀ ਰਹੀ ਸੀ ਕਿ ਕੋਲ ਖੜ੍ਹਾ ਇੱਕ ਬੰਦਾ ਬੋਲਿਆ, "ਹਰ ਮੇਲੇ ਮੇਂ ਕੁਛ ਲੋਗ ਅਪਨੇ ਬਜ਼ੁਰਗ ਮਾਤਾ-ਪਿਤਾ ਕੋ ਗੰਗਾ-ਸਨਾਨ ਕੇ ਬਹਾਨੇ ਲਾ ਕਰ ਯਹਾਂ ਛੋੜ ਜਾਤੇ ਹੈਂ"

ਰਾਮਦੇਈ ਨੂੰ ਇਹ ਬੰਦਾ ਕੁਝ ਸਿਆਣਾ ਤੇ ਹਮਦਰਦ ਜਾਪਿਆ, "ਫਿਰ ਭਈਆ! ਵੋ ਘਰ ਕੈਸੇ ਪਹੁੰਚਤੇ ਹੈਂ?"

"ਅਰੀ ਕੌਨ ਸਾ ਘਰ? ਵੋ ਬੇਚਾਰੇ ਇਸੀ ਸ਼ਹਿਰ ਮੇਂ ਰੋਟੀ-ਠਿਕਾਨਾ ਮਾਂਗਤੇ



ਭਿਖਾਰੀ ਬਨ ਜਾਤੇ ਹੈਂ, ਯਾ ਫਿਰ ਗੰਗਾ ਮਈਆ ਕੀ ਸ਼ਰਨ ਮੇਂ ਚਲੇ ਜਾਤੇ ਹੈਂ"

"ਤੋ ਕਿਆ ਮੁਝੇ ਭੀ...?"

ਹਥੌੜੇ ਵਰਗਾ ਸਵਾਲ ਰਾਮਦੇਈ ਦੇ ਦਿਮਾਗ 'ਤੇ ਜ਼ੋਰ ਨਾਲ ਵੱਜਿਆ ਅਤੇ ਉਹ ਸੜਕ ਉੱਤੇ ਚੌਫਾਲ ਡਿੱਗ ਪਈ।

ੴ

# ਇਹਨਾਂ ਨੂੰ ਕਿਹੜਾ ਅੰਬ ਲੱਗਣੇ ?

ਪ੍ਰਿਤਪਾਲ ਨੂੰ ਕੈਨੇਡਾ ਪਹੁੰਚ ਕੇ ਪਤਾ ਲੱਗਾ ਕਿ ਉਹ ਨਰਕ ਵਰਗੇ ਪਿਛੜੇ ਇਲਾਕੇ ਵਿੱਚ ਰਹਿੰਦਾ ਰਿਹਾ ਹੈ। ਉਹਨੇ ਬਹੁਤ ਮਿਹਨਤ ਕਰਕੇ ਚੰਗੀ ਜ਼ਿੰਦਗੀ ਦੇ ਵਸੀਲੇ ਜੁਟਾਏ, ਪਿੱਛੇ ਟੱਬਰ ਵਾਸਤੇ ਵੀ ਚੰਗਾ ਮਕਾਨ ਬਣਵਾਇਆ। ਕੈਨੇਡਾ ਦੇ ਸਕੂਲਾਂ ਵਿਚਲੀ ਹਰਿਆਵਲ ਤੇ ਸਫ਼ਾਈ ਦੇਖ ਕੇ ਉਸਦਾ ਜੀਅ ਕੀਤਾ ਕਿ ਪਿੰਡ ਦੇ ਸਕੂਲ ਲਈ ਵੀ ਕੁਝ ਕਰਨਾ ਚਾਹੀਦਾ ਹੈ। ਇਸ ਕਾਰਜ ਲਈ ਉਹਨੇ ਕੈਨੇਡਾ-ਵਾਸੀ ਪੰਜਾਬੀਆਂ ਦੀ ਬਾਲ-ਭਲਾਈ ਸੰਸਥਾ ਤੋਂ ਸਹਾਇਤਾ ਪ੍ਰਾਪਤ ਕਰ ਲਈ।

ਪਿੰਡ ਦੇ ਲੋਕਾਂ ਨੇ ਸਕੂਲ ਦੇ ਨਵੇਂ ਕਮਰਿਆਂ ਦੀ ਹੋ ਰਹੀ ਉਸਾਰੀ ਨੂੰ ਓਪਰੀ ਜਿਹੀ ਅੱਖ ਨਾਲ ਦੇਖਿਆ। ਪ੍ਰਿਤਪਾਲ ਦੀ ਮਿਹਨਤ ਰੰਗ ਲਿਆਈ, ਨਵੇਂ ਕਮਰੇ, ਤੱਪੜਾਂ ਦੀ ਥਾਂ ਮੇਜ਼ ਕੁਰਸੀਆਂ, ਨਵੇਂ ਬਲੈਕ-ਬੋਰਡ, ਪੀਣ ਦੇ ਪਾਣੀ ਤੇ ਪਿਸ਼ਾਬਘਰ ਦਾ ਵੀ ਪ੍ਰਬੰਧ ਕਰ ਲਿਆ। ਉਦਘਾਟਨ ਲਈ ਆਏ ਜ਼ਿਲ੍ਹੇ ਦੇ ਡੀ. ਸੀ. ਨੇ ਉਹਦੀ ਤਾਰੀਫ਼ ਕੀਤੀ ਅਤੇ ਸਰਕਾਰੀ ਸਹਾਇਤਾ ਦੇਣ ਦਾ ਵਾਅਦਾ ਕੀਤਾ। ਪ੍ਰਿਤਪਾਲ ਨੂੰ ਹਰਿਆਵਲ ਦਾ ਸੁਫ਼ਨਾ ਪੂਰਾ ਹੁੰਦਾ ਦਿਸਿਆ। ਉਸ ਦੀ ਬੇਨਤੀ ਉੱਤੇ ਬਲਾਕ-ਪੱਧਰੀ ਅਫਸਰਾਂ ਨੇ ਸਕੂਲ ਦੇ ਸਾਹਮਣੇ ਸ਼ਾਮਲਾਟ ਵਿਚੋਂ ਰੂੜੀਆਂ ਅਤੇ ਹੋਰ ਕਬਜ਼ੇ ਚੁਕਵਾ ਦਿੱਤੇ ਤੇ ਉਥੇ ਛਾਂ-ਦਾਰ ਬਿਰਖਾਂ ਦੇ ਬੂਟੇ ਲਗਾ ਦਿੱਤੇ ਗਏ। ਇਹ ਕੰਮ ਆਲੇ-ਦਵਾਲੇ ਦੇ ਲੋਕਾਂ ਨੂੰ ਚੰਗਾ ਨਾ ਲੱਗਿਆ ਤੇ ਪ੍ਰਿਤਪਾਲ ਇਕੱਲਾ ਰਹਿ ਗਿਆ। ਉਹ ਜਦ ਬੂਟਿਆਂ ਨੂੰ ਬਾਲਟੀਆਂ ਨਾਲ ਪਾਣੀ ਦਿੰਦਾ ਤਾਂ ਸਾਹਮਣੇ ਥੜ੍ਹੇ ਉੱਤੇ ਤਾਸ਼ ਖੇਡਦੇ ਵਿਹਲੜ ਉਹਦੇ 'ਤੇ ਹੱਸਦੇ, ਵਿਚੋਂ ਕੋਈ ਸਲਾਹ ਦਿੰਦਾ, "ਓਇ ਕਮਲਿਆ! ਕਿਉਂ ਗਰਮੀ 'ਚ ਔਖਾ ਹੋਈ ਜਾਨੈਂ? ਜਾਹ, ਜਾ ਕੇ ਮੌਜ ਕਰ ਆਵਦੇ ਕਨੇਡਾ..."

ਮੁੜਕੋ-ਮੁੜ੍ਹਕੀ ਹੋਏ ਪ੍ਰਿਤਪਾਲ ਨੇ ਅਜੇ ਜਵਾਬ ਵੀ ਨਾ ਦਿੱਤਾ ਹੁੰਦਾ ਕਿ ਦੂਜਾ ਬੋਲਦਾ, "ਚੰਗਾ-ਭਲਾ ਅਸੀਂ ਏਥੇ ਪਸੂ ਬੰਨ੍ਹਦੇ ਸੀ, ਰੂੜੀਆਂ ਤੇ ਪਥਕਣਾਂ ਵੀ ਪਿੰਡੋਂ ਦੂਰ ਕਰਾ'ਤੀਆਂ, ਆਹ ਜਿਹਨਾਂ ਨੂੰ ਧੁੱਪੇ ਨਲਕਾ ਗੇੜ ਗੇੜ ਪਾਣੀ ਦਿੰਨਾਂ, ਇਹਨਾਂ ਨੂੰ ਕਿਹੜਾ ਅੰਬ ਲੱਗਣੇ ਐ?"



# ਹੈਲਮਟ

ਬੰਟੀ ਮਾਂ ਦੀ ਅੱਖ ਦਾ ਤਾਰਾ ਸੀ, ਉਹ ਹਰ ਵੇਲੇ ਉਸੇ ਦੀ ਦੇਖਭਾਲ ਤੇ ਲਾਡ ਲਡਾਉਣ 'ਚ ਲੱਗੀ ਰਹਿੰਦੀ, ਪਰ ਬੰਟੀ ਸਵੇਰੇ ਸ਼ਾਮ ਮਿਲਣ ਵਾਲੇ ਉਸ ਸਮੇਂ ਨੂੰ ਉਡੀਕਦਾ ਜਦੋਂ ਉਹ ਪਾਪਾ ਨਾਲ ਹੁੰਦਾ। ਪਾਪਾ ਦੇ ਦਫਤਰ ਜਾਣ ਵਾਸਤੇ ਤਿਆਰ ਹੁੰਦਿਆਂ ਹੁੰਦਿਆਂ ਉਹ ਵੀ ਤਿਆਰ ਹੋ ਕੇ ਸਕੂਟਰ ਕੋਲ ਜਾ ਖੜ੍ਹਦਾ ਤੇ ਪਾਰਕ ਦੇ ਦੋ ਚੱਕਰ ਲੁਆਕੇ ਹੀ ਉਹਨਾਂ ਨੂੰ ਜਾਣ ਦਿੰਦਾ। ਪਾਪਾ ਦਾ ਵੀ ਤਕਰੀਬਨ ਏਹੋ ਨੇਮ ਬਣ ਗਿਆ ਸੀ। ਫਿਰ ਬੰਟੀ ਸਕੂਲ ਜਾਣ ਲੱਗ ਪਿਆ ਤਾਂ ਪਾਪਾ ਹੀ ਉਹਨੂੰ ਸਕੂਟਰ ਉੱਤੇ ਛੱਡ ਕੇ ਆਪਣੇ ਦਫਤਰ ਜਾਂਦੇ।

"ਪਾਪਾ... ਪਾਪਾ! ਕੱਲ੍ਹ ਟਰੈਫਿਕ ਪੁਲੀਸ ਵਾਲੇ ਸਾਡੇ ਸਕੂਲ ਆਏ ਸੀ, ਉਹਨਾਂ ਬੱਚਿਆਂ ਨੂੰ ਸੜਕ ਉੱਤੇ ਚੱਲਣ ਤੇ ਪਾਰ ਕਰਨ ਦੇ ਤਰੀਕੇ ਦੱਸੇ"

"ਅੱਛਾ? ਕੀ ਤਰੀਕੇ ਦੱਸੇ?"

"ਊਂਅ... ਊਂਅ... ਯਾਦ ਨਹੀਂ... ਜਿਹੜਾ ਤੁਸੀਂ ਟੋਪਾ ਪਾਉਂਦੇ ਓ, ਉਹੋ ਜਿਹਾ ਵੀ ਦਿਖਾਇਆ ਸੀ, ਕਹਿੰਦੇ ਸੀ ਇਸ ਨਾਲ ਸਿਰ ਨੂੰ ਸੱਟ ਨਹੀਂ ਲੱਗਦੀ"

"ਉਹਨੂੰ ਹੈਲਮਟ ਕਹਿੰਦੇ ਆ..."

ਏਨੇ ਨੂੰ ਸਕੂਲ ਆ ਗਿਆ, ਬੰਟੀ ਉੱਤਰ ਕੇ ਗੇਟ ਵੱਲ ਭੱਜ ਗਿਆ। ਪਾਪਾ ਅਜੇ ਖੜ੍ਹੇ ਦੇਖ ਹੀ ਰਹੇ ਸੀ ਕਿ ਬੰਟੀ ਵਾਪਿਸ ਆ ਗਿਆ।

ਪਾਪਾ ਨੇ ਆਪਣਾ ਹੈਲਮਟ ਲਾਹੁੰਦਿਆਂ ਪੁੱਛਿਆ, "ਕੀ ਹੋਇਆ?"

"ਪਾਪਾ! ਤੁਸੀਂ ਤਾਂ ਹੈਲਮਟ ਪਾ ਲੈਂਦੇ ਓ, ਮੈਨੂੰ ਵੀ ਤਾਂ ਟੋਪਾ... ਨਹੀਂ ਸੱਚ ਹੈਲਮਟ ਪਾਉਣਾ ਚਾਹੀਦੈ, ਹੈ ਨਾ?"

ੴ

# ਤਿਲ੍ਹਕਣ

ਘੰਟੀ ਸੁਣਕੇ ਜਿੰਦਲ ਸਾਹਿਬ ਨੇ ਅਖਬਾਰ ਪਾਸੇ ਰੱਖ ਕੇ ਬੂਹਾ ਖੋਲ੍ਹਿਆ, ਬਾਹਰ ਆਪਣੀ ਬੇਟੀ ਮੀਨੂ ਨੂੰ ਦੇਖ ਹੈਰਾਨ ਜਿਹੇ ਹੋ ਗਏ।

"ਤੂੰ ਠੀਕ ਤਾਂ ਹੈਂ ਬਿਟੀਆ? ਇਉਂ ਇਕੱਲੀ?"

ਕੋਈ ਜੁਆਬ ਨਾ ਆਇਆ, ਪਿਤਾ ਨੇ ਬੇਟੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਤੇ "ਖੁਸ਼ ਰਹੇਂ, ਜਿਉਂਦੀ ਰਹੇਂ" ਕਹਿੰਦੇ ਹੋਏ ਬਾਹਾਂ ਵਿਚ ਵਲੀ ਉਹਨੂੰ ਅੰਦਰ ਲੈ ਗਏ। ਰਸੋਈ ਵਿਚੋਂ ਨਿਕਲਦੀ ਮਾਂ ਖੁਸ਼ੀ ਭਰੀ ਹੈਰਾਨੀ ਨਾਲ ਦੇਖਦੀ ਹੋਈ ਉਹਦੇ ਵੱਲ ਹੋਈ। ਗਲੇ ਲੱਗਦਿਆਂ ਧੀ ਦੇ ਬੋਲ ਤਾਂ ਨਹੀਂ ਨਿੱਕਲੇ ਪਰ ਅੱਖਾਂ ਭਰ ਆਈਆਂ। ਉਸੇ ਵੇਲੇ ਕੁਝ ਪੁੱਛਣ-ਦੱਸਣ ਦੀ ਥਾਂ ਟੱਬਰ ਨੇ ਚਾਹ ਪੀਤੀ ਅਤੇ ਨਾਸ਼ਤੇ ਦੇ ਆਹਰ ਲੱਗ ਗਏ। ਜਿੰਦਲ ਸਾਹਿਬ ਦਫਤਰ ਚਲੇ ਗਏ, ਉਹਨਾਂ ਨੂੰ ਅੰਦਾਜ਼ਾ ਹੋ ਗਿਆ ਸੀ ਕਿ ਬੇਟੀ ਰੁੱਸ ਕੇ ਸਹੁਰੇ ਘਰੋਂ ਆਈ ਹੈ ਅਤੇ ਇਹ ਅੰਦੇਸ਼ਾ ਵੀ ਕਿ ਮਿਸਿਜ਼ ਜਿੰਦਲ ਸਮਾਜਿਕ ਕਾਰਜ-ਕਰਤਾ ਹੋਣ ਕਰਕੇ ਛੋਟੀ ਜਿਹੀ ਗੱਲ ਵੀ ਬਰਦਾਸ਼ਤ ਨਹੀਂ ਕਰਨਗੇ ਤੇ ਵੱਡੀ ਧੀ ਵਾਂਗ ਇਹਦੀ ਜ਼ਿੰਦਗੀ ਵਿੱਚ ਵੀ ਕੁੜੱਤਣ ਦੇ ਬੀਜ ਬੀਜ ਦੇਣਗੇ। ਦਫਤਰੋਂ ਫੋਨ ਕਰਕੇ ਉਹਨਾਂ ਜਵਾਈ ਤੋਂ ਸਾਰੀ ਗੱਲ ਪਤਾ ਕਰ ਲਈ। ਨੌਕਰੀ ਵਾਸਤੇ ਛੋਟਾ ਜਿਹਾ ਕਲੇਸ਼ ਕੱਲ੍ਹ ਗੁੱਸੇ 'ਚ ਵੱਡਾ ਝਗੜਾ ਬਣ ਗਿਆ। ਪਤੀ-ਪਤਨੀ ਉੱਚੀ ਉੱਚੀ ਬੋਲੇ ਪਰ ਸੱਸ-ਸਹੁਰਾ ਸ਼ਾਂਤ ਰਹੇ। ਅਚਾਨਕ ਹੀ ਮੀਨੂ ਅਟੈਚੀ ਚੁੱਕ ਕੇ ਘਰੋਂ ਚਲੀ ਗਈ, ਉਸ ਵੇਲੇ ਉਹਦਾ ਪਤੀ ਮਾਂ ਲਈ ਦਵਾਈ ਲੈਣ ਗਿਆ ਹੋਇਆ ਸੀ।

ਸ਼ਾਮ ਨੂੰ ਚਾਹ-ਪਾਣੀ ਤੋਂ ਬਾਅਦ ਜਿੰਦਲ ਸਾਹਿਬ ਨੇ ਮੀਨੂ ਨੂੰ ਛੱਤ 'ਤੇ ਬੁਲਾ ਲਿਆ। ਮਾਂ ਵੀ ਉੱਪਰ ਆਉਣ ਲੱਗੀ ਤਾਂ ਉਹ ਮਨ੍ਹਾ ਕਰਦਿਆਂ ਬੋਲੇ, "ਬੇਟੀ ਨਾਲ ਇਕੱਲਿਆਂ ਹੀ ਗੱਲ ਕਰੂੰਗਾ"

ਮੀਨੂ ਘਬਰਾਈ ਜਿਹੀ ਇਕ ਪਾਸੇ ਖੜ੍ਹੀ ਹੋ ਗਈ।

"ਮੀਨੂ ਬੇਟਾ! ਹੁਣ ਦੱਸ ਕੀ ਹੋਇਆ?"

"ਬੱਸ ਪਾਪਾ! ਬਹੁਤ ਹੋ ਗਿਆ, ਮੈਂ ਨਹੀਂ ਹੁਣ ਵਾਪਿਸ ਜਾਣਾ, ਉਥੇ ਮੇਰੀ ਕੋਈ ਇਜ਼ਤ ਹੀ ਨਹੀਂ" ਮੀਨੂ ਨੇ ਜਿਵੇਂ ਫ਼ੈਸਲਾ ਸੁਣਾ ਦਿੱਤਾ ਤੇ ਕਹਿਣ



ਲੱਗੀ, "ਮੰਮੀ ਨੇ ਤਾਂ ਕਈ ਫਰੈਂਡਜ਼ ਨਾਲ ਗੱਲ ਕਰ ਲਈ ਐ, ਉਹ ਮੈਨੂੰ ਜਸਟਿਸ ਜ਼ਰੂਰ ਦਵਾਉਣਗੀਆਂ"

ਜਿੰਦਲ ਸਾਹਿਬ ਨੇ ਬੜੇ ਪਿਆਰ ਨਾਲ ਧੀ ਦਾ ਸਿਰ ਪਲੋਸਿਆ, ਆਪਣੇ ਨਾਲ ਬਿਠਾਇਆ, ਸ਼ਾਂਤ ਕੀਤਾ, "ਬੇਟਾ! ਤੇਰੀ ਪੂਰੀ ਜ਼ਿੰਦਗੀ ਦਾ ਸਵਾਲ ਐ, ਐਨੀ ਛੇਤੀ ਫ਼ੈਸਲੇ ਨਹੀਂ ਲਈਦੇ, ਤੂੰ ਆਪਣੇ ਪਾਪਾ ਨੂੰ ਸਾਰੀ ਗੱਲ ਦੱਸ ਸ਼ੁਰੂ ਤੋਂ, ਹੋਇਆ ਕੀ?"

ਮੀਨੂ ਅਜੇ ਸੋਚਾਂ ਜਿਹੀਆਂ ਵਿੱਚ ਹੀ ਸੀ ਕਿ ਜਿੰਦਲ ਸਾਹਿਬ ਬੋਲੇ, "ਮਹਿੰਦਰ ਤਾਂ ਸਗੋਂ ਫ਼ਿਕਰਮੰਦ ਸੀ ਤੇਰੇ ਬਾਰੇ, ਕਹਿੰਦਾ ਪ੍ਰਾਬਲਮ ਤਾਂ ਛੋਟੀ ਜਿਹੀ ਸੀ, ਅਸੀਂ ਘਰੇ ਨਿਬੇੜ ਲੈਣੀ ਸੀ"

"ਨਹੀਂ ਪਾਪਾ! ਉਹ ਗੱਲ ਮੰਨਦੇ ਹੀ ਨਹੀਂ, ਉਹਨਾਂ ਨੂੰ ਆਪਣੀ ਅਪਾਹਜ ਮਾਂ ਹੀ ਦਿਸਦੀ ਐ, ਮੈਂ ਸਾਰੀ ਉਮਰ ਨੌਕਰਾਂ ਵਾਂਗ..."

"ਬੇਟਾ! ਮਾਤਾ ਪਿਤਾ ਦੀ ਸੇਵਾ ਕਰਕੇ ਕੋਈ ਨੌਕਰ ਨਹੀਂ ਬਣ ਜਾਂਦਾ, ਹੋਰ ਦੱਸ ਤੇਰੇ ਸੱਸ-ਸਹੁਰਾ ਤੈਨੂੰ ਕੁਝ ਗ਼ਲਤ ਬੋਲਦੇ ਜਾਂ ਬੁਰਾ ਵਰਤਾਓ ਕਰਦੇ?"

"ਨਹੀਂ ਪਾਪਾ! ਇਉਂ ਤਾਂ ਉਹ ਬਹੁਤ ਚੰਗੇ ਐ, ਮੈਨੂੰ ਤੁਹਾਡੇ ਵਾਂਗ ਹੀ ਪਿਆਰ..."

"ਮਹਿੰਦਰ ਤੈਨੂੰ ਪਰੇਸ਼ਾਨ ਕਰਦਾ ਜਾਂ ਮਾੜਾ ਬੋਲਦਾ ਹੋਵੇ?"

"ਨਹੀਂ, ਬੱਸ ਮੈਨੂੰ ਨੌਕਰੀ ਨਹੀਂ ਕਰਨ ਦਿੰਦੇ, ਮੇਰਾ ਘਰੇ ਦਮ ਘੁੱਟਦੈ, ਸਹੇਲੀਆਂ ਵੀ ਕਹਿੰਦੀਐਂ ਕਿ ਤੇਰੀ ਤਾਂ ਜ਼ਿੰਦਗੀ ਬਰਬਾਦ ਹੋ ਗਈ"

ਜਿੰਦਲ ਸਾਹਿਬ ਗੰਭੀਰ ਹੋ ਕੇ ਬੋਲੇ, "ਜੇ ਕੱਲ੍ਹ ਨੂੰ ਮੈਂ ਜਾਂ ਤੇਰੀ ਮਾਂ ਅਪਾਹਜ ਹੋ ਜਾਈਏ ਤੇ ਤੇਰੀ ਭਾਬੀ ਘਰ ਛੱਡ ਕੇ ਚਲੀ ਜਾਵੇ ਤਾਂ ਸਾਡੇ ਦਿਲ 'ਤੇ ਕੀ ਬੀਤੂਗੀ? ਤੇ ਤੇਰੇ ਭਰਾ ਦੀ ਕੀ ਹਾਲਤ ਹੋਊਗੀ?... ਨਾਲੇ ਤੇਰੀ ਵੀ? ਸਹੇਲੀਆਂ ਦੀਆਂ ਗੱਲਾਂ 'ਚ ਆਕੇ ਆਪਣਾ ਘਰ ਨਹੀਂ ਉਜਾੜੀਦਾ, ਤੈਨੂੰ ਕੀ ਪਤਾ ਉਹਨਾਂ ਦੇ ਘਰ ਕੀ ਕੁਝ ਹੁੰਦਾ ਹੋਵੇਗਾ। ਬੇਟੇ! ਮੈਨੂੰ ਪਤੈ ਤੂੰ ਮੇਰੇ ਬੱਚਿਆਂ ਵਿਚੋਂ ਸਭ ਤੋਂ ਸਿਆਣੀ ਐਂ, ਫ਼ੈਸਲਾ ਤੂੰ ਲੈਣੈਂ, ਤੇ ਨਤੀਜੇ ਵੀ ਤੂੰ ਹੀ..." ਕਹਿੰਦੇ ਜਿੰਦਲ ਸਾਹਿਬ ਪੌੜੀਆਂ ਉੱਤਰ ਗਏ।

# ਲਿਸ਼ਕਦੇ ਹੰਝੂ

ਦੀਪੇ ਨੇ ਸਕੂਲੋਂ ਪਰਤਦੇ ਨੇ ਬਸਤਾ ਇੱਕ ਪਾਸੇ ਰੱਖ ਕੇ ਮਾਂ ਨੂੰ ਆਵਾਜ਼ ਮਾਰੀ, "ਬੇਬੇ! ਨੀਂ ਬੇਬੇ! ਕਿੱਥੇ ਐਂ? ਬੜੀ ਭੁੱਖ ਲੱਗੀ ਐ..."

ਮਾਂ ਥਾਲੀ ਪਰੋਸ ਕੇ ਉਹਨੂੰ ਫੜਾਉਂਦੀ ਬੋਲੀ, "ਪੁੱਤ! ਰੋਟੀ ਖਾ ਕੇ ਕੁਸ਼ ਚਿਰ ਮੱਝਾਂ ਨੂੰ ਫਿਰਾ ਲਿਆ! ਇਹਨਾਂ ਨੂੰ ਛੱਪੜ 'ਤੇ ਨੁਹਾ ਵੀ ਲਿਆਈਂ..."

ਚੇਤਰ ਦੇ ਅਖੀਰਲੇ ਦਿਨ, ਧੁੱਪ ਅਤੇ ਗਰਮੀ ਨਾਲ ਬੁਰਾ ਹਾਲ... ਦੀਪਾ ਮੱਝਾਂ ਖੋਲ੍ਹ ਕੇ ਖੇਤਾਂ ਵੱਲ ਤੁਰ ਪਿਆ। ਕਣਕਾਂ ਪੱਕ ਗਈਆਂ ਸਨ, ਕੁਝ ਦਿਨਾਂ ਵਿੱਚ ਹੀ ਵਾਢੀ ਪੈਣ ਵਾਲੀ ਸੀ। ਪੁਰਾਣੇ ਖੂਹ ਕੋਲ ਉਸਦੇ ਹਾਣੀ ਮਿਲ ਪਏ, ਜਿਹੜੇ ਪਹਿਲਾਂ ਹੀ ਉਥੇ ਮੱਝਾਂ ਚਰਾ ਰਹੇ ਸੀ। ਖੇਡਦਿਆਂ ਨੂੰ ਦੋ ਘੰਟੇ ਕਿਵੇਂ ਲੰਘ ਗਏ, ਪਤਾ ਹੀ ਨਾ ਲੱਗਿਆ। ਅਚਾਨਕ ਪੱਛਮ ਵਲੋਂ ਚੜ੍ਹੀ ਆਉਂਦੀ ਘਟਾ ਦੇਖ ਕੇ ਉਹਨਾਂ ਸਾਰਿਆਂ ਨੇ ਛੇਤੀ ਘਰ ਪਹੁੰਚਣ ਦੀ ਸੋਚੀ। ਦਰ ਵੜਦਿਆਂ ਹੀ ਹਨ੍ਹੇਰੀ ਦਾ ਤੇਜ਼ ਬੁੱਲਾ ਆਇਆ, ਮਾਂ ਕਾਹਲੀ ਕਾਹਲੀ ਚੌਂਤਰੇ ਵਿੱਚ ਪਏ ਭਾਂਡੇ-ਟੀਂਡੇ ਤੇ ਪਾਥੀਆਂ ਸਾਂਭ ਰਹੀ ਸੀ। ਏਨੇ ਨੂੰ ਬਾਪੂ ਵੀ ਆ ਗਿਆ, ਪੱਠਿਆਂ ਦੀ ਭਰੀ ਬਰਾਂਡੇ ਵਿੱਚ ਸੁੱਟਦਾ ਬੋਲਿਆ, "ਚੰਗਾ ਹੋਇਆ ਪੁੱਤਰਾ!... ਤੂੰ ਘਰੇ ਉੱਪੜ ਗਿਆ... ਬੜੀ ਕਾਲੀ ਘਟਾ ਚੜ੍ਹੀ ਐ... ਰੱਬ ਸੁੱਖ ਰੱਖੇ..." ਤੇ ਟੋਕਰਾ ਚੁੱਕ ਕੇ ਮੱਝਾਂ ਨੂੰ ਸੰਨ੍ਹੀ ਰਲਾਉਣ ਲੱਗਿਆ।

ਅਚਾਨਕ ਛੜਾਕੇ ਦਾ ਸ਼ੋਰ ਪਿਆ... ਕੁਝ ਮੋਟੀਆਂ ਕਣੀਆਂ... ਤੇ ਫਿਰ ਤਾੜ-ਤਾੜ ਗੜੇ ਡਿੱਗਣ ਲੱਗ ਪਏ। ਦੀਪੇ ਨੂੰ ਜਿਵੇਂ ਚਾਅ ਚੜ੍ਹ ਗਿਆ, ਉਹਨੇ ਭੈਣ ਨੂੰ ਆਵਾਜ਼ ਮਾਰੀ, "ਦੇਖ ਸੁੱਖੀ! ਕਿੱਡੇ ਕਿੱਡੇ ਗੜੇ! ਬੰਟਿਆਂ ਜਿੱਡੇ ਜਿੱਡੇ... ਆ ਜਾ ਖੇਡੀਏ!..." ਤੇ ਸ਼ਰਾਰਤ ਨਾਲ ਕੁਝ ਗੜੇ ਭੈਣ ਦੇ ਗਲਮੇਂ ਵਿੱਚ ਪਾ ਦਿੱਤੇ।

"ਦੇਖ ਬੀਬੀ! ਵੀਰਾ ਹਟਦਾ ਨੀ" ਕਹਿੰਦੀ ਸੁੱਖੀ ਮਿੰਨ੍ਹਾ ਮਿੰਨ੍ਹਾ ਮੁਸਕੁਰਾਉਂਦੀ ਤੇ ਖਿਝਦੀ ਹੋਈ ਅੰਦਰ ਨੂੰ ਭੱਜ ਗਈ।

ਦੀਪੇ ਨੇ ਹੱਸਦੇ ਹੱਸਦੇ ਨੇ ਕੁਝ ਗੜੇ ਚੁੱਕ ਕੇ ਦਾਦੀ ਜੀ ਅੱਗੇ ਕਰ ਦਿੱਤੇ, "ਦੇਖੋ! ਅੰਮਾ ਜੀ!... ਕਿੰਨੇ ਸੋਹਣੇ ਗੜੇ..." ਦਾਦੀ ਨੇ ਇਕਦਮ ਹੱਥ ਪਿੱਛੇ ਖਿੱਚ ਲਏ ਤੇ ਘਬਰਾ ਕੇ ਬੋਲੀ, "ਬਾਖੁਰੂ ਬਾਖੁਰੂ! ਵੇ ਪੁੱਤ ਬਾਖੁਰੂ ਬਾਖੁਰੂ



ਕਰ... ਕਿਵੇਂ ਕੁਦਰਤ ਦੀ ਕਰੋਪੀ ਚੜ੍ਹੀ ਐ... ਹੇ ਸੱਚਿਆ ਪਾਸ਼ਾਹ! ਮਿਹਰ ਕਰੀਂ..."

ਹੱਥ ਜੋੜ ਕੇ ਬੁੜਬੁੜਾਉਂਦੀ ਦਾਦੀ ਦੇ ਚਿਹਰੇ ਉੱਤੇ ਫੈਲੀ ਦਹਿਸ਼ਤ ਦੇਖ ਕੇ ਦੀਪਾ ਹੈਰਾਨ ਹੋ ਗਿਆ। ਬਿਜਲੀ ਜਾਣ ਕਰਕੇ ਅਚਾਨਕ ਹਨ੍ਹੇਰਾ ਪਸਰ ਗਿਆ, ਡਰੀ ਹੋਈ ਸੁੱਖੀ ਦੀ ਚੀਕ ਸੁਣਕੇ ਦੀਪਾ ਦਹਿਲ ਕੇ ਦਾਦੀ ਕੋਲ ਹੀ ਬੈਠ ਗਿਆ।

ਅਗਲੇ ਦਿਨ ਐਤਵਾਰ ਦੀ ਛੁੱਟੀ ਸੀ। ਦੀਪਾ ਦੇਰ ਨਾਲ ਜਾਗਿਆ।

"ਆ ਜਾ ਸ਼ੇਰਾ! ਖੇਤਾਂ ਵੱਲ ਗੇੜਾ ਮਾਰ ਆਈਏ..." ਕਹਿੰਦਾ ਬਾਪੂ ਉਹਨੂੰ ਨਾਲ ਲੈ ਕੇ ਬਾਹਰ ਨੂੰ ਤੁਰ ਪਿਆ। ਰਾਹ ਵਿੱਚ ਜਿੰਨੇ ਲੋਕ ਮਿਲੇ, ਸਭ ਰੋਣ-ਹਾਕੇ ਹੋਏ ਖੇਤਾਂ ਵੱਲੋਂ ਆ ਰਹੇ ਸੀ। ਦੀਪੇ ਨੇ ਦੇਖਿਆ ਕਿ ਜਿੱਥੇ ਕੱਲ੍ਹ ਸੋਨੇ-ਰੰਗੀਆਂ ਕਣਕਾਂ ਝੂਮ ਰਹੀਆਂ ਸਨ, ਉੱਥੇ ਅੱਜ ਬਿਨਾਂ ਸਿੱਟਿਆਂ ਤੋਂ ਤੀਲ੍ਹੇ ਖੜ੍ਹੇ ਸਨ। ਦੀਪੇ ਨੂੰ ਇਸ ਹਾੜ੍ਹੀ ਦੀ ਫ਼ਸਲ 'ਤੇ ਸਾਈਕਲ ਮਿਲਣਾ ਸੀ, ਹੁਣ ਉਸਨੂੰ ਆਪਣੇ ਸੁਫ਼ਨਿਆਂ ਦਾ ਸੰਸਾਰ ਉੱਜੜਿਆ ਨਜ਼ਰ ਆ ਰਿਹਾ ਸੀ। ਆਪ-ਮੁਹਾਰੇ ਹੀ ਉਹਦੇ ਮੂੰਹੋਂ ਨਿੱਕਲਿਆ, "ਹਾਇ ਓਇ ਰੱਬਾ! ਇਹ ਕੀ ਕੀਤਾ? ਅੰਮਾ ਤੈਨੂੰ ਪਾਲਣਹਾਰ ਆਖਦੀ ਐ... ਸਾਰੇ ਤੈਥੋਂ ਚੀਜਾਂ ਮੰਗਦੇ ਐ... ਮੈਨੂੰ ਹੁਣ ਤੁਰ ਕੇ ਸਕੂਲੇ ਜਾਣਾ ਪਊ... ਮੈਂ ਕਦੇ ਗੁਰਦੁਆਰੇ ਵੀ ਨੀ ਜਾਣਾ... ਤੂੰ ਤਾਂ ਲੋਕਾਂ ਤੋਂ ਚੀਜਾਂ ਖੋਹ ਲੈਨੈਂ... ਤੂੰ ਬਹੁਤ ਖਰਾਬ ਐਂ"

"...ਬਾਪੂ ਜੀ!... ਬਾਪੂ ਜੀ!..." ਉਹਨੇ ਬਾਪੂ ਦਾ ਹੱਥ ਜ਼ੋਰ ਨਾਲ ਖਿੱਚਿਆ। ਬਾਪੂ ਜਿਵੇਂ ਗਹਿਰੀ ਨੀਂਦ ਵਿਚੋਂ ਜਾਗਿਆ, ਫਿਰ ਪਰਨੇ ਨਾਲ ਅੱਖਾਂ ਪੂੰਝਦਾ ਬੋਲਿਆ, "...ਹਾਂ ਪੁੱਤ...?"

"ਆਹ ਸਾਰਾ ਕੁਸ਼ ਕੀ ਹੋ ਗਿਆ?... ਕਣਕ ਤੋਂ ਬਿਨਾਂ ਆਪਾਂ...?" ਦੀਪੇ ਨੇ ਡੂੰਘਾ ਜਿਹਾ ਹਉਕਾ ਲਿਆ।

ਬਾਪੂ ਦੀਪੇ ਨੂੰ ਘੁੱਟ ਕੇ ਹਿੱਕ ਨਾਲ ਲਾਉਂਦਾ ਬੋਲਿਆ, "ਕੋਈ ਨੀ ਸ਼ੇਰਾ!... ਆਪਣੇ ਨਾਲ ਕਿਹੜਾ ਜੱਗੋਂ ਤੇਰ੍ਹਵੀਂ ਹੋਈ ਐ?... ਸਾਰਿਆਂ ਦੇ ਨਾਲ ਈ ਆਂ... ਰੱਬ ਸਭਨਾਂ ਦਾ ਢਿੱਡ ਭਰਦੈ... ਹਰੇਕ ਦੀ ਸੁਣਦੈ... ਆਪਣੀ ਵੀ ਸੁਣੂਗਾ..."

ਦੀਪੇ ਦੀਆਂ ਅੱਖਾਂ ਵਿਚਲੇ ਹੰਝੂ ਕਿਸੇ ਉਮੀਦ ਨਾਲ ਲਿਸ਼ਕਣ ਲੱਗ ਪਏ।

## ਕੌੜਾ ਸੱਚ

ਮਾਂ-ਦਿਵਸ ਮਨਾਉਣ ਵਾਸਤੇ ਘਰ ਵਿੱਚ ਕਾਫੀ ਦਿਨਾਂ ਤੋਂ ਚਰਚਾ ਅਤੇ ਉਤਸ਼ਾਹ ਸੀ।

ਐਤਵਾਰ ਹੋਣ ਕਰਕੇ ਬੱਚੇ ਕੁਝ ਦੇਰ ਨਾਲ ਜਾਗੇ, ਉੱਠਦਿਆਂ ਹੀ ਆਪਣੇ-ਆਪਣੇ ਤੋਹਫੇ ਚੁੱਕ ਕੇ ਮੰਮੀ ਨੂੰ ਰਸੋਈ ਵਿੱਚ ਆ ਘੇਰਿਆ। ਵੱਡੀ ਧੀ ਅਰਪਿਤਾ ਨੇ ਇਕ ਮਸ਼ਹੂਰ ਕੰਪਨੀ ਦੇ ਬੁੰਦੇ, ਵਿਚਕਾਰਲੀ ਨੇ ਬਰੇਸਲੈਟ ਤੇ ਛੋਟੇ ਆਰੀਅਨ ਨੇ ਆਪਣੀ ਉਮਰ ਮੁਤਾਬਿਕ ਸ਼ੁਭਕਾਮਨਾਵਾਂ ਦਾ ਤਸਵੀਰਾਂ ਵਾਲਾ ਕਾਰਡ ਦਿੱਤਾ ਅਤੇ ਲਗਭਗ ਇਕੱਠਿਆਂ ਹੀ "ਹੈਪੀ ਮਦਰਜ਼ ਡੇ" ਦਾ ਨਾਹਰਾ ਬੁਲੰਦ ਕੀਤਾ। ਮਾਂ ਸਵੇਰੇ ਤੋਂ ਹੀ ਰਸੋਈ ਵਿੱਚ ਸਾਰਿਆਂ ਦੀ ਪਸੰਦ ਦੇ ਖਾਣੇ ਬਣਾਉਂਦੀ ਹੰਭੀ ਪਈ ਸੀ। ਫਿੱਕੀ ਜਿਹੀ ਮੁਸਕਾਨ ਨਾਲ 'ਥੈਂਕ-ਯੂ' ਕਹਿਕੇ ਸਭ ਨੂੰ ਵਾਰੀ-ਵਾਰੀ ਜੱਫੀ ਵਿੱਚ ਲੈ ਲਿਆ ਤੇ ਥੋੜ੍ਹਾ ਸਕੂਨ ਮਹਿਸੂਸ ਕਰਦੀ ਬੋਲੀ, "ਚਲੋ ਵਾਰੀ ਵਾਰੀ ਬਾਥਰੂਮ... ਨਹਾ ਲਓ! ਤਦ ਤੱਕ ਨਾਸ਼ਤਾ ਲੱਗ ਜਾਏਗਾ"

ਅਚਾਨਕ ਅਰਪਿਤਾ ਬੋਲੀ, "ਨਾਸ਼ਤੇ ਤੋਂ ਬਾਅਦ ਕਿਉਂ ਨਾ ਪਿਕਨਿਕ ਚੱਲੀਏ? ਮੰਮਾ! ਪੂਰੀਆਂ-ਛੋਲੇ ਬਣਾ ਲਓ ਪਲੀਜ਼..."

ਮਾਂ ਦਾ ਸਬਰ ਜਵਾਬ ਦੇ ਰਿਹਾ ਸੀ, ਫਿਰ ਵੀ ਪਿਆਰ ਨਾਲ ਬੋਲੀ, "ਬੱਚਿਓ! ਅੱਜ ਮਦਰਜ਼-ਡੇ ਹੈ... ਮੈਨੂੰ ਛੁੱਟੀ ਨਹੀਂ ਦਿਉਂਗੇ?"

ਬੱਚੇ ਇਕ ਦੂਜੇ ਦੇ ਚਿਹਰੇ ਵੱਲ ਇਸ ਤਰ੍ਹਾਂ ਦੇਖਣ ਲੱਗੇ ਜਿਵੇਂ ਮੂੰਹ ਵਿਚੋਂ ਕੋਈ ਸੁਆਦੀ ਚੀਜ਼ ਕੱਢ ਲਈ ਗਈ ਹੋਵੇ।

ੴ



## ਲੁਕੀ ਹੋਈ ਗੱਲ

ਘਰ ਦੀ ਦਿੱਖ ਬਾਰੇ ਅਵੇਸਲੇ ਡੈਡੀ ਨੂੰ ਜਦੋਂ ਗਲੀ ਵਾਲੇ ਪਾਸੇ ਗਮਲੇ ਸਜਾਉਂਦਿਆਂ ਤੇ ਮੰਮੀ ਨੂੰ ਪੁਰਾਣੇ ਸੋਫਿਆਂ ਉੱਤੇ ਨਵੇਂ ਕਪੜੇ ਚੜ੍ਹਾਉਂਦਿਆਂ ਦੇਖਿਆ ਤਾਂ ਸਰੂ ਨੇ ਕਾਰਨ ਪੁੱਛ ਹੀ ਲਿਆ।

"ਮੇਰੀ ਲਾਡੋ! ਤੈਨੂੰ ਅੱਜ ਕੋਈ ਦੇਖਣ ਆ ਰਿਹੈ ਕੈਨੇਡਾ ਤੋਂ" ਮੰਮੀ ਮੁਸਕਰਾਉਂਦੀ ਹੋਈ ਬੋਲੀ।

"ਬਟ ਮੰਮੀ! ਮੈਂ ਤਾਂ ਅਜੇ ਕਾਲਜ ਦਾ ਪਹਿਲਾ ਸਾਲ..."

ਪਰ ਉਦੋਂ ਤੱਕ ਕਾਹਲੇ-ਕਾਹਲੇ ਪੱਬ ਚੁੱਕਦੀ ਮਾਂ ਰਸੋਈ ਵੱਲ ਜਾ ਚੁੱਕੀ ਸੀ। ਦੇਖਣ-ਦਿਖਾਉਣ ਦੀ ਰਸਮ ਹੋਈ, ਮੁੰਡੇ ਨਾਲ ਉਹਦੀ ਲੁਧਿਆਣੇ ਰਹਿੰਦੀ ਭੈਣ ਤੇ ਭਾਣਜਾ ਆਏ ਸਨ। ਕਹਿੰਦੇ, "ਅਸੀਂ ਹੋਰ ਕੁੜੀਆਂ ਵੀ ਦੇਖੀਐਂ, ਕੱਲ੍ਹ ਫੋਨ ਕਰਕੇ ਦੱਸਾਂਗੇ"

ਉਹਨਾਂ ਦੇ ਜਾਣ ਪਿਛੋਂ ਸਰੂ ਦੇ ਮੰਮੀ, ਡੈਡੀ, ਭੂਆ ਤੇ ਚਾਚਾ ਸਲਾਹ ਕਰਨ ਲੱਗੇ।

"ਮੁੰਡੇ ਦੀ ਉਮਰ ਕੁਝ ਜ਼ਿਆਦਾ ਲੱਗਦੀ..." ਮੰਮੀ ਡਰਦੀ ਡਰਦੀ ਬੋਲੀ।

"ਕੁਝ ਜ਼ਿਆਦਾ ਨਹੀਂ, ਕਾਫੀ ਜ਼ਿਆਦਾ, ਚਾਲੀ-ਪੰਜਾਹ ਦੇ ਗੇੜ 'ਚ ਲੱਗਦਾ ਸੀ" ਚਾਚਾ ਬੋਲਿਆ।

ਡੈਡੀ ਕੁਝ ਉਧੇੜਬੁਣ ਵਿੱਚ ਸਨ, ਚੁੱਪ ਹੀ ਰਹੇ, ਫਿਰ ਕਾਫੀ ਦੇਰ ਬਾਅਦ ਕਹਿਣ ਲੱਗੇ, " ਬਾਹਰਲਿਆਂ ਉੱਤੇ ਕੰਮ ਦਾ ਬੋਝ ਬਹੁਤ ਰਹਿੰਦੈ ਨਾ! ਆਪਣੇ ਵਾਂਗੂੰ ਖੁਰਾਕ ਵੱਲ ਧਿਆਨ ਵੀ ਘੱਟ ਈ ਦਿੰਦੇ ਐ, ਮੈਨੂੰ ਤਾਂ ਮੁੰਡਾ ਠੀਕ ਲੱਗਾ"

ਮੰਮੀ ਵੀ ਕੁਝ ਸਹਿਮਤ ਜਿਹੀ ਦਿਸੀ, "ਆਹੋ! ਆਪਣੀ ਸਰੂ ਦਾ ਵੀ ਤਾਂ ਬਥੇਰਾ ਕੱਦ-ਕਾਠ ਐ, ਸੋਹਣੀ-ਸੁਨੱਖੀ ਐ, ਰਾਜ ਕਰੂਗੀ ਰਾਜ..."

ਅਗਲੇ ਦਿਨ ਮੁੰਡੇ ਵਾਲਿਆਂ ਦੀ 'ਹਾਂ' ਆ ਗਈ ਤਾਂ ਸਾਰਿਆਂ ਨੂੰ ਤਨਾਓ ਤੋਂ ਰਾਹਤ ਮਿਲੀ। ਸਰੂ ਨੂੰ ਲੱਗਿਆ ਜਿਵੇਂ ਉਹ ਘਰ ਵਿੱਚ ਇਕੱਲੀ ਰਹਿ ਗਈ ਹੋਵੇ। ਰੋਂਦੀ ਹੋਈ ਨੇ ਮਾਂ ਦੇ ਗਲ ਲੱਗ ਕੇ ਇਹ ਵਿਆਹ ਨਾ ਕਰਨ ਲਈ ਜੋਦੜੀ ਕੀਤੀ। ਭੂਆ ਨੇ ਸਭ ਸੁਣ ਲਿਆ ਸੀ, ਸਰੂ ਨੂੰ ਦੋਵਾਂ ਮੋਢਿਆਂ ਤੋਂ ਫੜ ਕੇ ਬੋਲੀ, "ਕੁੜੀਏ! ਹੋਸ਼ ਕਰ, ਤੇਰੇ ਪਿਓ ਦੀ ਤਾਂ ਲਾਟਰੀ

ਖੁੱਲ੍ਹ ਗਈ, ਨਾ ਵਿਆਹ 'ਤੇ ਖਰਚਾ ਨਾ ਕੋਈ ਹੋਰ, ਹੌਲੀ-ਹੌਲੀ ਤੂੰ ਆਪਣੇ ਭਰਾ ਤੇ ਮਾਪਿਆਂ ਨੂੰ ਵੀ ਮੰਗਾ ਲਏਂਗੀ, ਇਹਨਾਂ ਵਿਚਾਰਿਆਂ ਦੀ ਵੀ ਜੂਨ ਕੱਟੀ ਜਾਊ, ਰੱਬ ਸੁੱਖ ਰੱਖੇ, ਹੋ ਸਕਿਆ ਤਾਂ ਮੇਰੇ ਪੁੱਤ ਵਾਸਤੇ ਵੀ ਉਧਰ ਕੋਈ ਰਿਸ਼ਤਾ ਲੱਭ ਦੇਵੀਂ, ਸਿਆਣੀ ਬਣ ਸਿਆਣੀ..."

ੴ



# ਕੁਝ ਖਾ ਲਵੀਂ

ਦੋਵੇਂ ਜੀਅ ਦੇਰ ਰਾਤ ਤੱਕ ਆਪਣੇ ਆਪਣੇ ਮੰਜਿਆਂ ਉੱਤੇ ਪਾਸੇ ਪਰਤ ਰਹੇ ਸਨ, ਨੀਂਦ ਦੋਵਾਂ ਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ। ਟੀ.ਵੀ. ਉੱਤੇ ਲੜਾਈ ਦੀਆਂ ਤਸਵੀਰਾਂ ਤੇ ਵੀਡੀਓ ਦੇਖ ਕੇ ਉਹਨਾਂ ਤੋਂ ਚੰਗੀ ਤਰ੍ਹਾਂ ਰੋਟੀ ਵੀ ਨਹੀਂ ਸੀ ਖਾਧੀ ਗਈ। ਤਿੰਨ ਸਾਲ ਪਹਿਲਾਂ ਫੌਜ ਵਿਚ ਭਰਤੀ ਹੋਇਆ ਉਹਨਾਂ ਦਾ ਪੁੱਤ ਵੀ ਇਸ ਜੰਗ ਵਿੱਚ ਦੁਸ਼ਮਣ ਨਾਲ ਜੂਝ ਰਿਹਾ ਸੀ।

"ਮੈਂ ਕਿਹਾ ਜੀ ਜਾਗਦੇ ਓ?" ਚਿੱਤ ਨੂੰ ਧਰਵਾਸ ਦੇਣ ਲਈ ਮਾਂ ਬੋਲੀ।

"ਹਾਂ! ਬੋਲ ਕੀ ਕਹਿਣੈਂ..."

"ਕੁਝ ਨਹੀਂ... ਜੇ ਕਿਤੇ ਸੰਨੀ ਨੂੰ ਕਿਸੇ ਤਰ੍ਹਾਂ ਫੋਨ ਕਰ ਲਈਏ ਤਾਂ ਸੁੱਖ ਦਾ ਸਾਹ ਆਵੇ"

"ਭੋਲੀਏ! ਉਹ ਅਗਲੇ ਮੋਰਚਿਆਂ 'ਤੇ ਐ, ਫੋਨ ਕਿਵੇਂ ਹੋ ਸਕਦੈ?"

ਪਰ ਘੰਟੀ ਸਚਮੁਚ ਵੱਜ ਗਈ, ਮਾਂ ਨੇ ਭੱਜ ਕੇ ਫੋਨ ਚੁੱਕਿਆ। ਦੂਜੇ ਪਾਸਿਉਂ ਆਵਾਜ਼ ਆਈ, "ਮਾਂ! ਮੈਂ ਤੇਰਾ ਸੰਨੀ..."

"ਹਾਂ ਸੰਨੀ! ਬੋਲ ਵੇ ਪੁੱਤ, ਮਾਂ-ਸਦਕੇ, ਵੇ ਮੁੱਦਤਾਂ..."

"ਬੀਬੀ! ਮੇਰੇ ਕੋਲ ਟੈਮ ਨਹੀਂ, ਬੱਸ ਤੇਰੀ 'ਵਾਜ ਸੁਣਨੀ ਸੀ, ਅੱਜ ਮੇਰੇ ਵਾਸਤੇ ਅਰਦਾਸ ਕਰੀਂ, ਅਸੀਂ ਇਕ ਵੱਡੇ ਮਿਸ਼ਨ 'ਤੇ ਚੱਲੇ ਆਂ..."

"ਵੇ ਕਿਹੜਾ ਮਿਸ਼ਨ...?"

"ਵੈਰੀ ਨੂੰ ਸਬਕ ਸਿਖਾਉਣ ਲਈ..."

"ਓਇ ਰੱਬਾ! ਓਇ ਡਾਢਿਆ..."

"ਲੈ! ਤੂੰ ਆਪ ਈ ਤਾਂ ਦੇਸ਼ ਤੋਂ ਕੁਰਬਾਨ ਹੋਣ ਦਾ ਸਬਕ ਸਿਖਾਉਂਦੀ ਸੀ, ਭਗਤ ਸਿੰਘ ਵਰਗਿਆਂ ਦੀਆਂ ਮਿਸਾਲਾਂ ਦਿੰਦੀ ਸੀ..."

"ਹਾਂ ਪੁੱਤ! ਪਰ ਜਾਣ ਤੋਂ ਪਹਿਲਾਂ ਕੁਝ ਖਾ ਲਵੀਂ... ਭੁੱਖੇ ਢਿੱਡ..." ਮਾਂ ਨੇ ਆਪਣੀਆਂ ਹੁਬਕੀਆਂ ਦੀ ਆਵਾਜ਼ ਰੋਕਣ ਲਈ ਦੂਜੇ ਹੱਥ ਨਾਲ ਮੂੰਹ ਘੁੱਟ ਕੇ ਬੰਦ ਕਰ ਲਿਆ।

ੴ

## ਮਾਂ-ਦਿਵਸ

ਸਾਰਾ ਦਿਨ ਬੱਚਿਆਂ ਮੁਤਾਬਿਕ 'ਮਦਰਜ਼-ਡੇ' ਮਨਾਉਣ ਤੋਂ ਬਾਅਦ ਘਰ ਪਰਤੇ ਤਾਂ ਰਮੇਸ਼ ਸ਼ੁਕਲਾ ਕਾਫੀ ਥਕਾਵਟ ਮਹਿਸੂਸ ਕਰ ਰਹੇ ਸੀ। ਛੇਤੀ ਛੇਤੀ ਬੈੱਡਰੂਮ ਵੱਲ ਵਧੇ ਤਾਂ ਅਚਾਨਕ ਸਾਹਮਣੇ ਫੋਟੋ ਦੇਖ ਕੇ ਮਾਂ ਯਾਦ ਆਈ। "ਮਾਂ... ?" ਉਹ ਤਾਂ ਬਲੱਡ-ਪਰੈਸ਼ਰ ਤੇ ਸ਼ੂਗਰ ਦੀ ਬੀਮਾਰੀ ਤੋਂ ਪਰੇਸ਼ਾਨ ਰਹਿੰਦੀ ਹੋਈ ਤਿੰਨ ਦਿਨਾਂ ਤੋਂ ਹਲਕੇ ਹਾਰਟ-ਅਟੈਕ ਕਾਰਨ ਹਸਪਤਾਲ ਦਾਖਲ ਸੀ, ਮੁੜਦਿਆਂ ਉਹਨੂੰ ਦੇਖਣ ਜਾਣਾ ਤਾਂ ਯਾਦ ਹੀ ਨਹੀਂ ਰਿਹਾ, "ਆਹ ਬੱਚਿਆਂ ਨੇ ਮੱਤ ਈ ਮਾਰ'ਤੀ! ਹੁਣ ਹਸਪਤਾਲ ਤਾਂ ਜਾ ਨਹੀਂ ਹੋਣਾ, ਚਲੋ! ਫੋਨ 'ਤੇ ਹੀ ਹਾਲ-ਚਾਲ ਪੁੱਛ ਲੈਨਾਂ..."

ਹਸਪਤਾਲ ਦਾ ਨੰਬਰ ਮਿਲਾਉਂਦੇ ਉਹ ਸੋਚ ਰਹੇ ਸੀ, "ਮਾਂ ਨੇ ਕਿੰਨਾ ਯਾਦ ਕੀਤਾ ਹੋਏਗਾ! ਕਿੰਨਾ ਮਿਸ ਕੀਤਾ ਹੋਏਗਾ!"

"ਹੈਲੋ! ਹੈਲੋ! ਮੈਂ ਮਿਸਿਜ਼ ਸ਼ੁਕਲਾ ਆਈ ਮੀਨ ਰਤਨਾ ਦੇਵੀ ਜੀ ਨਾਲ ਗੱਲ ਕਰਨੀ..."

"ਹਾਂ ਹਾਂ! ਬੋਲ ਰਮੇਸ਼! ਸਾਰਾ ਦਿਨ ਤੈਨੂੰ ਉਡੀਕ... ਤੇਰਾ ਕੀ ਹਾਲ ਐ ਪੁੱਤ? ਕਿਸੇ ਜ਼ਰੂਰੀ ਕੰਮ 'ਚ ਫਸ ਗਿਆ ਹੋਏਂਗਾ... ਘਰੇ ਸਭ ਠੀਕ ਐ ਨਾ?"

"ਹੈਪੀ ਮਦਰਜ਼-ਡੇ ਮਾਂ!..." ਰਮੇਸ਼ ਸ਼ਿਸ਼ਟਾਚਾਰ ਵੱਸ ਮਸਾਂ ਹੀ ਬੋਲਿਆ।

"ਹਾਂ ਹਾਂ... ਅੱਜ ਨਰਸਾਂ ਵੀ ਪੁੱਛਦੀਆਂ ਸੀ... ਤੁਹਾਡਾ ਕੋਈ ਬੱਚਾ ਨਹੀਂ ਆਇਆ?"

"............."

"ਚੰਗਾ ਪੁੱਤ! ਸੁਖੀ ਵਸੋ! ਥੱਕ ਗਏ ਹੋਵੋਂਗੇ... ਸੌਂ ਜਾਓ..."

ੴ



## ਮੈਨੂੰ ਤਾਂ ਪਾਪਾ ਤਾਹੀਦੇ

ਛੁੱਟੀ ਵਾਲੇ ਦਿਨ ਸਮੀਰ ਅਤੇ ਨਿਸ਼ਾ ਵਿਹੜੇ 'ਚ ਬੈਠੇ ਆਪਣੇ ਪੰਜ ਸਾਲਾਂ ਦੇ ਪੁੱਤ ਬੰਟੂ ਤੇ ਤਿੰਨ ਸਾਲਾਂ ਦੀ ਧੀ ਕਾਂਤੀ ਨੂੰ ਖੇਡਦਿਆਂ ਦੇਖ ਰਹੇ ਸੀ। ਕਾਂਤੀ ਆਪਣੀ ਗੁੱਡੀ ਨੂੰ ਸਜਾਉਣ ਲੱਗੀ ਹੋਈ ਸੀ ਤੇ ਬੰਟੂ ਕਦੇ ਖਿਡੌਣਾ-ਜਹਾਜ਼ ਨੂੰ ਉਡਾਉਂਦਾ, ਕਦੀ ਗੁੱਡੀ ਦੇ ਕੋਲ ਲਿਆ ਕੇ ਰੱਖ ਦਿੰਦਾ।

ਅਚਾਨਕ ਨਿਸ਼ਾ ਬੋਲੀ, "ਸਮੀਰ! ਯਾਦ ਐ? ਜਦੋਂ ਬੰਟੂ ਤਿੰਨ ਕੁ ਸਾਲਾਂ ਦਾ ਸੀ, ਮੰਮੀ ਪਾਪਾ ਆਏ ਹੋਏ ਸੀ, ਪਾਪਾ ਕਹਿੰਦੇ, ਦੇਖੋ ਤਾਂ ਸਹੀ, ਬੰਟੂ ਵੱਡਾ ਹੋ ਕੇ ਕੀ ਬਣੂਗਾ? ਤੇ ਫਿਰ ਮੰਮੀ ਦੇ ਕਹਿਣ 'ਤੇ ਇਕ ਕਿਤਾਬ, ਟੁਆਏ-ਪਿਸਤੌਲ, ਬਰਫ਼ੀ ਦੀ ਪਲੇਟ ਤੇ ਬੰਟੂ ਦੇ ਨਵੇਂ ਬੂਟ ਫਰਸ਼ 'ਤੇ ਰੱਖ ਕੇ ਬੰਟੂ ਨੂੰ ਗੋਦੀ 'ਚ ਬਿਠਾ ਲਿਆ ਸੀ"

"ਹਾਂ... ਹਾਂ... ਯਾਦ ਐ... ਬੰਟੂ ਭੱਜ ਕੇ ਗਿਆ ਤੇ ਪਿਸਤੌਲ ਤੇ ਬਰਫ਼ੀ ਚੁਕ ਲਈ, ਸਾਰੇ ਕਿੰਨਾ ਹੱਸੇ ਸੀ ਕਿ ਸਹੁਰਾ ਖਾਣ-ਪੀਣ ਦਾ ਸ਼ੁਕੀਨ ਹੋਊ..."

"ਚਲੋ! ਅੱਜ ਦੇਖੀਏ, ਕਾਂਤੀ ਕੀ ਕਰੂਗੀ ਫਿਊਚਰ 'ਚ?" ਨਿਸ਼ਾ ਦੀਆਂ ਅੱਖਾਂ ਚਮਕੀਆਂ।

ਫਿਰ ਇਕ ਕਿਤਾਬ, ਮਿਠਾਈ ਦੀ ਪਲੇਟ, ਗੁੱਡੀ ਤੇ ਕਾਂਤੀ ਦਾ ਨਵਾਂ ਫਰਾਕ ਗਲੀਚੇ 'ਤੇ ਰੱਖ ਕੇ ਨਿਸ਼ਾ ਡੈਡੀ ਦੀ ਗੋਦੀ 'ਚ ਖੇਡਦੀ ਕਾਂਤੀ ਨੂੰ ਬੋਲੀ, "ਕਾਂਤੀ ਬੇਟਾ! ਔਹ ਦੇਖ ਕਿੰਨੀਆਂ ਚੀਜ਼ਾਂ... ਜਾਹ! ਜਿਹੜੀ ਚਾਹੀਦੀ ਐ ਚੁੱਕ ਲੈ"

ਕਾਂਤੀ ਹੈਰਾਨ ਜਿਹੀ ਹੁੰਦੀ ਉਥੇ ਗਈ, ਇਕ ਇਕ ਚੀਜ਼ ਨੂੰ ਨੀਝ ਨਾਲ ਦੇਖਿਆ, ਫਿਰ ਸਭ ਕੁਝ ਉਥੇ ਹੀ ਛੱਡ ਕੇ, ਭੱਜ ਕੇ ਪਾਪਾ ਦੇ ਗਲ 'ਚ ਬਾਹਾਂ ਪਾਉਂਦੀ ਬੋਲੀ, "ਮੈਨੂੰ ਤਾਂ ਪਾਪਾ ਤਾਹੀਦੇ..."

ੴ

# ਬਦਲਦੇ ਵਰਤਾਰੇ

ਦੋਵੇਂ ਬੱਚੇ ਟਪੂਸੀਆਂ ਮਾਰਦੇ ਸਕੂਲੋਂ ਪਰਤੇ ਤਾਂ ਮਾਤਾ ਪਿਤਾ ਤੇ ਦਾਦੀ ਦਾ ਚਿਹਰਾ ਖਿੜ ਉਠਿਆ। ਵੱਡੀ ਬੇਟੀ ਨੀਤੂ ਪਿਤਾ ਨੂੰ ਗਲਵੱਕੜੀ ਪਾਉਂਦੀ ਬੋਲੀ, "ਡੈਡੀ ਡੈਡੀ! ਸਾਡੀ ਕਲਾਸ ਪਿਕਨਿਕ ਜਾ ਰਹੀ ਐ ਸਕੂਲ ਵਲੋਂ, ਬੜਾ ਮਜ਼ਾ ਆਏਗਾ, ਅਸੀਂ ਸਾਰੀਆਂ ਫਰੈਂਡਜ਼ ਨੇ ਜਾਣ ਦਾ ਪ੍ਰੋਗਰਾਮ ਬਣਾ ਲਿਐ, ਬਸ ਪੰਜ ਸੌ ਰੁਪਏ ਕੱਢੋ ਛੇਤੀ"

ਉਧਰ ਛੋਟੇ ਨੀਰਜ ਨੇ ਦਾਦੀ ਵੱਲ ਬਾਹਾਂ ਉਲਾਰ ਲਈਆਂ, ਦਾਦੀ ਨੇ ਅਗਾਂਹ ਵਧ ਕੇ ਉਹਨੂੰ ਚੁੱਕ ਲਿਆ, "ਦਾਦੀ! ਮੈਂ ਵੀ ਪਿਕਨਿਕ ਜਾਣੈਂ"

ਪਿਤਾ ਸਰਦੂਲ ਸਿੰਘ ਨੇ ਨੀਤੂ ਤੋਂ ਆਪਣੇ-ਆਪ ਨੂੰ ਛੁਡਾਉਂਦਿਆਂ ਕਿਹਾ, "ਨਹੀਂ ਨਹੀਂ! ਕੋਈ ਪਿਕਨਿਕ-ਵਿਕਨਿਕ ਨਹੀਂ ਜਾਊਗਾ, ਸਭ ਫਜ਼ੂਲ ਖਰਚੀ ਐ, ਉਤੋਂ ਐਗਜ਼ਾਮ ਨੇੜੇ ਨੇ ਤੁਹਾਡੇ"

ਨੀਤੂ ਦੋ ਕਦਮ ਪਿਛੇ ਹਟ ਕੇ ਚੁੱਪ ਜਿਹੀ ਖੜੋ ਗਈ। ਪੋਤੇ ਦਾ ਮੂੰਹ ਪਾਸੇ ਕਰਕੇ ਦਾਦੀ ਨੇ ਸਰਦੂਲ ਦੀ ਗੱਲ ਨਾਲ ਸਹਿਮਤੀ ਪ੍ਰਗਟਾਈ, "ਬੱਚੇ ਵਿਗੜ ਜਾਂਦੇ ਨੇ, ਨੀਤੂ ਬੇਟੀ! ਆਪਾਂ ਸਾਰੇ ਫੇਰ ਕਿਤੇ... ਛੁੱਟੀਆਂ 'ਚ ਚਲਾਂਗੇ"

ਪਰ ਨੀਰਜ ਨੇ ਦਾਦੀ ਨੂੰ ਹੋਰ ਜ਼ੋਰ ਨਾਲ ਘੁੱਟ ਲਿਆ, "ਦਾਦੀ ਦਾਦੀ! ਮੇਰੀ ਗੱਲ ਸੁਣੋ! ਮੇਰੀ ਪਿਆਰੀ ਦਾਦੀ-ਮਾਂ! ਮੇਰਾ ਜਾਣ ਨੂੰ ਬਹੁਤ ਜੀਅ ਕਰਦੈ... ਪਲੀਜ਼ ਦਾਦੀ-ਮਾਂ... ਪਲੀਜ਼... ਮੈਂ ਜਾਣੈਂ..."

ਦਾਦੀ ਢਿੱਲੀ ਪੈਂਦੀ ਬੋਲੀ, "ਚੰਗਾ ਤੂੰ ਚਲਾ ਜਾਹ! ਤੇਰੇ ਪੈਸੇ ਮੈਂ ਦੇ ਦਊਂਗੀ"

ਇਹ ਸੁਣ ਕੇ ਨੀਤੂ ਦਾ ਰੋਣ ਨਿੱਕਲ ਗਿਆ ਤੇ ਉਹ ਦੋਵਾਂ ਹੱਥਾਂ ਨਾਲ ਚਿਹਰਾ ਲੁਕੋ ਕੇ ਆਪਣੇ ਕਮਰੇ ਵੱਲ ਜਾਣ ਲੱਗੀ।

"ਰੁਕ ਬੇਟਾ!..." ਡੈਡੀ ਉਹਨੂੰ ਜੱਫੀ ਪਾਉਂਦੇ ਤੇ ਮੁਸਕਰਾਉਂਦੇ ਬੋਲੇ, "ਤੂੰ ਵੀ ਪਿਕਨਿਕ ਜਾਏਂਗੀ, ਮੇਰੀ ਨੀਤੂ ਕਿਸੇ ਨਾਲੋਂ ਕੋਈ ਘੱਟ ਐ?"



# ਅੰਨ੍ਹੇ ਬੋਲ਼ੇ

ਕਾਲਜ ਦੇ ਦਿਨਾਂ 'ਚ ਹੋਈ ਰਵੀ ਤੇ ਲਵੀਨ ਦੀ ਦੋਸਤੀ ਆਖਿਰ ਰਿਸ਼ਤੇ ਵਿੱਚ ਬਦਲ ਗਈ। ਗਰੀਬ ਘਰ ਦਾ ਹੋਣ ਕਰਕੇ ਰਵੀ ਮਿਹਨਤੀ, ਜ਼ਿੰਮੇਵਾਰ ਤੇ ਰਿਸ਼ਤਿਆਂ ਦੀ ਕਦਰ ਕਰਨ ਵਾਲਾ ਸੀ। ਇਸ ਦੇ ਉਲਟ ਵੱਡੇ ਘਰ ਦੀ ਧੀ ਲਵੀਨ ਸਵਾਰਥੀ ਤੇ ਸ਼ਾਹੀ ਖਰਚ ਕਰਨ ਵਾਲੀ ਆਧੁਨਿਕ ਕੁੜੀ ਸੀ। ਘਰੋਂ ਮਿਲੀ ਖੁੱਲ੍ਹ ਨੇ ਉਸਨੂੰ ਨਸ਼ਿਆਂ ਤੇ ਮੌਜ ਮਸਤੀ ਦੀ ਸ਼ੁਕੀਨ ਬਣਾ ਦਿੱਤਾ ਸੀ। ਪੜ੍ਹਾਈ ਤੋਂ ਬਾਅਦ ਰਵੀ ਨੂੰ ਲਵੀਨ ਦੇ ਪਿਤਾ ਸਵਰਨ ਸਿੰਘ ਦੀ ਸਿਫਾਰਿਸ਼ ਨਾਲ ਚੰਗੀ ਨੌਕਰੀ ਮਿਲ ਗਈ। ਲਵੀਨ ਨੇ ਕਿਸੇ ਦੇ ਅਧੀਨ ਕੰਮ ਕਰਨ ਨੂੰ ਆਪਣੀ ਹੇਠੀ ਸਮਝਦਿਆਂ ਨੌਕਰੀ ਕਰਨ ਤੋਂ ਮਨ੍ਹਾ ਕਰ ਦਿੱਤਾ। ਰਵੀ ਦੀ ਤਨਖਾਹ ਚੰਗੀ ਸੀ, ਪਰ ਘਰ ਬੈਠੀ ਲਵੀਨ ਦੇ ਮਹਿੰਗੇ ਸ਼ੌਕਾਂ ਅੱਗੇ ਕੁਝ ਵੀ ਨਹੀਂ ਸੀ। ਸ਼ਰਾਬ ਤੇ ਡਰੱਗਜ਼ ਦੀ ਭਰਮਾਰ ਵਾਲੇ ਕਲੱਬਾਂ, ਡਿਸਕੋ, ਨਾਚ ਗਾਣਿਆਂ ਵਿਚ ਸ਼ਾਮਿਲ ਹੁੰਦੀ ਲਵੀਨ ਦੇ ਕਈ ਸਹੇਲੀਆਂ, ਦੋਸਤ ਬਣ ਗਏ। ਇਹਨਾਂ ਪ੍ਰੋਗਰਾਮਾਂ ਵਿਚ ਰਵੀ ਦੇ ਨਾ ਸ਼ਾਮਿਲ ਹੋਣ ਕਰਕੇ ਲਵੀਨ ਨਿਹੋਰੇ ਦਿੰਦੀ, "ਕੀ ਹੋ ਗਿਆ ਤੁਹਾਨੂੰ? ਅੱਗੇ ਤਾਂ ਮੇਰੀ ਹਰ ਫਰਮਾਇਸ਼, ਹਰ ਖੁਸ਼ੀ ਵਿੱਚ ਸ਼ਾਮਿਲ ਹੁੰਦੇ ਸੀ"

ਰਵੀ ਨੇ ਬਥੇਰਾ ਸਮਝਾਇਆ, "ਲਵੀਨ! ਆਪਾਂ ਆਮਦਨ ਮੁਤਾਬਿਕ ਹੀ ਚੱਲੀਏ..."

ਲਵੀਨ ਨੇ ਮਾਪਿਆਂ ਤੋਂ ਪੈਸੇ ਮੰਗਵਾਉਣੇ ਤਾਂ ਰਵੀ ਦੇ ਮਨ੍ਹਾ ਕਰਨ ਕਰਕੇ ਆਪਸੀ ਤਨਾਓ ਹੋਰ ਵਧ ਜਾਂਦਾ। ਵਾਰ ਵਾਰ ਧੀ ਵਲੋਂ ਪੈਸਿਆਂ ਦੀ ਮੰਗ ਤੋਂ ਫ਼ਿਕਰਮੰਦ ਹੋਇਆ ਸਵਰਨ ਸਿੰਘ ਅਚਾਨਕ ਦੋਹਾਂ ਦਾ ਹਾਲ-ਚਾਲ ਪੁੱਛਣ ਤੇ ਪਤਾ ਕਰਨ ਆ ਪਹੁੰਚਿਆ। ਲਵੀਨ ਘਰੇ ਹੀ ਨਸ਼ੇ ਵਿਚ ਸੀ, ਪਿਤਾ ਨੂੰ ਦੇਖ ਕੇ ਪਹਿਲਾਂ ਤਾਂ ਘਬਰਾਈ, ਫਿਰ ਸੰਭਲ ਕੇ ਰੋਣ ਦਾ ਨਾਟਕ ਕਰਦੀ ਪਿਤਾ ਦੇ ਗਲ ਲੱਗ ਗਈ, "ਡੈਡ! ਮੈਥੋਂ ਬੜੀ ਗ਼ਲਤੀ ਹੋ ਗਈ, ਰਵੀ ਮੇਰਾ ਬਿਲਕੁਲ ਖਿਆਲ ਨਹੀਂ ਕਰਦਾ, ਮੈਂ ਬੀਮਾਰੀ ਦੀ ਹਾਲਤ 'ਚ ਘਰੇ 'ਕੱਲੀ ਪਈ ਹਾਂ, ਦੇਖੋ! ਡੈਡ ਮੇਰੀ ਕੰਡੀਸ਼ਨ ਦੇਖੋ!"

ਧੀ ਦੀ ਬੁਰੀ ਹਾਲਤ ਦੇਖ ਕੇ ਪਿਤਾ ਨੂੰ ਰੋਹ ਚੜ੍ਹ ਗਿਆ। ਰਵੀ ਨੂੰ ਫੋਨ ਮਿਲਾਇਆ, ਪਰ ਉਸ ਚੁੱਕਿਆ ਨਾ, ਸਵਰਨ ਸਿੰਘ ਉਵੇਂ ਭਰਿਆ ਪੀਤਾ

ਉਹਦੇ ਦਫਤਰ ਪਹੁੰਚ ਗਿਆ। ਰਵੀ ਹੈਰਾਨ ਹੋਇਆ ਸਹੁਰੇ ਦੇ ਗੋਡੀਂ ਹੱਥ ਲਾਉਣ ਲੱਗਾ ਤਾਂ ਸਵਰਨ ਸਿੰਘ ਨੇ ਧੱਕਾ ਦੇ ਕੇ ਪਾਸੇ ਕਰ ਦਿੱਤਾ, "ਤੂੰ ਆਦਮੀ ਐਂ ਕਿ ਚੰਡਾਲ ? ਮੇਰੀ ਲਾਡਲੀ ਧੀ ਦਾ ਐਨਾ ਮਾੜਾ ਹਾਲ ਕਰ'ਤਾ, ਉਹ ਬੀਮਾਰੀ 'ਚ ਵੀ ਘਰੇ 'ਕੱਲੀ ਪਈ ਐ, ਤੂੰ ਸਾਨੂੰ ਖ਼ਬਰ ਵੀ ਨਾ ਕਰ ਸਕਿਆ ?"

"ਡੈਡੀ ਜੀ ! ਮੇਰੀ ਗੱਲ ਸੁਣੋ, ਗੁੱਸਾ ਨਾ ਕਰੋ"

"ਹੁਣ ਸੁਣਨ ਸੁਣਾਉਣ ਦਾ ਟਾਈਮ ਨਿੱਕਲ ਗਿਆ, ਮੈਂ ਸਭ ਅੱਖੀਂ ਦੇਖ ਕੇ ਆਇਆਂ"

"ਲਵੀਨ ਦੀ ਹਾਲਤ ਦਾ ਮੈਂ ਕਸੂਰਵਾਰ ਨਹੀਂ, ਉਹ ਤਾਂ ਨਸ਼ਿਆਂ ਕਰਕੇ..."

"ਖ਼ਬਰਦਾਰ ! ਮੇਰੀ ਧੀ 'ਤੇ ਝੂਠਾ ਇਲਜ਼ਾਮ ਲਾਇਆ ਤਾਂ ? ਮੈਂ ਉਹਨੂੰ ਨਾਲ ਲੈ ਕੇ ਜਾ ਰਿਹਾਂ ! ਹੁਣ ਪੁਲੀਸ ਆਪੇ ਤੈਨੂੰ ਸਭ ਕੁਝ ਪੁੱਛ ਲਊ"

ੴ



## ਰਿਸ਼ਤਿਆਂ ਦੀ ਭਾਲ

ਲਿਵ-ਇਨ ਰਿਸ਼ਤੇ ਵਿਚ ਰਹਿੰਦੇ ਹੋਏ ਵੀ ਅਨੂ ਤੇ ਕੇਸ਼ਵ ਦੀ ਜ਼ਿੰਦਗੀ ਸੁਖਾਵੀਂ ਨਹੀਂ ਸੀ, ਕੇਸ਼ਵ ਦੀ ਸ਼ਰਾਬ ਨੂੰ ਲੈ ਕੇ ਅਕਸਰ ਲੜਾਈ ਹੋ ਜਾਂਦੀ। ਸਵੇਰੇ ਚਾਹ ਪੀਂਦਿਆਂ ਅਨੂ ਬੋਲੀ, "ਕੇਸ਼ੂ ! ਮੇਰੇ ਕੋਲ ਦੋ ਖ਼ਬਰਾਂ ਨੇ, ਇਕ ਚੰਗੀ ਇਕ ਮਾੜੀ, ਪਹਿਲਾਂ ਕਿਹੜੀ ਦੱਸਾਂ ?"

"ਚੰਗੀ..." ਕੇਸ਼ਵ ਠੀਕ ਹੋ ਕੇ ਬਹਿ ਗਿਆ।

"ਮੈਂ ਪ੍ਰੈਗਨੈਂਟ ਹਾਂ..."

"ਅਰੇ ਵਾਹ ! ਹੁਣ ਤਾਂ ਮਾੜੀ ਵੀ ਸੁਣ ਲਊਂਗਾ" ਕਹਿੰਦਾ ਕੇਸ਼ਵ ਉਹਨੂੰ ਜੱਫੀ ਪਾਉਣ ਲਈ ਉੱਠਣ ਲੱਗਿਆ।

"ਬੈਠੋ ਬੈਠੋ ! ਦੂਜੀ ਵੀ ਸੁਣ ਲਓ, ਮੇਰਾ ਅਮਰੀਕਾ ਦਾ ਵੀਜ਼ਾ ਲੱਗ ਗਿਐ ਤੇ ਮੈਂ ਜਾਣ ਦਾ ਫ਼ੈਸਲਾ ਕਰ ਲਿਆ ਹੈ"

"ਨਹੀਂ ਅਨੂ ! ਤੂੰ ਨਹੀਂ ਜਾ ਸਕਦੀ, ਆਪਣੇ ਪਿਆਰ ਦੀ ਨਿਸ਼ਾਨੀ..."

ਪਰ ਨਵੀਂ ਜ਼ਿੰਦਗੀ ਦੀ ਤਲਾਸ਼ ਤੇ ਵਿਦੇਸ਼ ਦੇ ਚਾਅ ਵਿਚ ਅਨੂ ਚਲੀ ਗਈ। ਕੇਸ਼ਵ ਨੂੰ ਇਕੱਲੇ ਰਹਿੰਦਿਆਂ ਅਠਾਰ੍ਹਾਂ ਸਾਲ ਬੀਤ ਗਏ। ਇਕ ਰਾਤ ਅਚਾਨਕ ਦਰਵਾਜ਼ੇ ਦੀ ਘੰਟੀ ਵੱਜੀ, ਬੂਹਾ ਖੋਲ੍ਹਦੇ ਹੀ ਕੇਸ਼ਵ ਭਮੱਤਰ ਗਿਆ, "ਕੀ ਅਨੂ ਵਾਪਿਸ ਆ ਗਈ ? ਸੱਚਮੁਚ... ?"

"ਤੁਸੀਂ... ?" ਹੈਰਾਨ ਹੋਏ ਦੇ ਮੂੰਹੋਂ ਨਿਕਲਿਆ।

"ਅੰਕਲ ! ਇਹ ਕੇਸ਼ਵ ਜੀ ਦਾ ਹਾਊਸ ਐ ?... ਮੈਂ ਉਹਨਾਂ ਨੂੰ ਮਿਲਣੈ..."

"ਮੈਂ ਹੀ ਹਾਂ ਕੇਸ਼ਵ, ਪਰ ਤੁਸੀਂ ਕੌਣ ਐਸ ਵੇਲੇ ?" ਕੇਸ਼ਵ ਜਿਵੇਂ ਪਹਾੜ ਤੋਂ ਡਿਗਿਆ।

"ਮੈਂ ਯੂ.ਐਸ. ਤੋਂ ਆਈ ਆਂ, ਆਈ ਐਮ ਭਾਰਤੀ, ਮੇਰੀ ਮੌਮ ਨੇ ਕਿਹਾ ਸੀ ਕਿ ਤੁਹਾਨੂੰ ਮਿਲਾਂ, ਤੁਸੀਂ ਜ਼ਰੂਰ ਮੇਰੀ ਹੈਲਪ ਕਰੋਗੇ"

"ਹਾਂ... ਹਾਂ... ਕਿਉਂ ਨਹੀਂ ?" ਦਰਵਾਜ਼ਾ ਪੂਰਾ ਖੋਲ੍ਹਦਾ ਉਹ ਬੋਲਿਆ।

ਭਾਰਤੀ ਆਪਣੀ ਜੈਕਟ ਸੋਫੇ 'ਤੇ ਸੁੱਟਦਿਆਂ ਬੋਲੀ, "ਅੰਕਲ ! ਤੁਸੀਂ ਇਕੱਲੇ ਹੀ ਇਸ ਹਾਊਸ... ?"

ਵਿਚੋਂ ਹੀ ਟੋਕਦਿਆਂ ਕੇਸ਼ਵ ਬੋਲਿਆ, " ਕੀ ਤੁਹਾਡੀ ਮੰਮੀ ਦਾ ਨਾਂ ਅਨੂ ਸ਼ਰਮਾ ਐ ? ਕੀ ਹਾਲ ਹੈ ਉਹਦਾ ?"

"ਜੀ ਅੰਕਲ! ਮੌਮ ਦਾ ਨਾਂ ਅਨੂ ਸ਼ਰਮਾ ਹੀ ਸੀ, ਸ਼ੀ ਇਜ਼ ਨੋ ਮੋਰ"

"ਕੀ ਮਤਲਬ... ਨੋ ਮੋਰ...?" ਕੇਸ਼ਵ ਨੂੰ ਧੱਕਾ ਜਿਹਾ ਲੱਗਾ।

"ਉਹ ਕੈਂਸਰ ਨਾਲ ਲੜਦੇ ਲੜਦੇ ਵੰਨ ਮੰਥ ਪਹਿਲਾਂ..." ਭਾਰਤੀ ਨੇ ਦੋਵਾਂ ਹੱਥਾਂ ਨਾਲ ਚਿਹਰਾ ਢਕ ਲਿਆ।

ਕੇਸ਼ਵ ਨੇ ਹੌਲੀ ਹੌਲੀ ਆਪਣੇ ਆਪ ਨੂੰ ਸੰਭਾਲਿਆ ਤੇ ਬੋਲਿਆ, "ਭਾਰਤੀ! ਤੇਰੀ ਮੰਮੀ ਨੇ ਮੇਰੇ ਨਾਲ ਰਿਸ਼ਤੇ ਦਾ ਜ਼ਿਕਰ ਕੀਤਾ ਕਦੇ?"

"ਨਹੀਂ... ਬਟ ਸ਼ੀ ਜਸਟ ਸੈੱਡ ਦੈਟ ਯੂ.ਐਸ. ਆਉਣ ਤੋਂ ਪਹਿਲਾਂ ਉਹ ਦੋ ਸਾਲ ਤੁਹਾਡੇ ਨਾਲ ਲਿਵਇਨ ਰਹੇ, ਇੰਡੀਆ 'ਚ ਹੋਰ ਕਿਸੇ ਦਾ ਨਾਂ ਨਹੀਂ ਲਿਆ ਕਦੇ..."

ਕੇਸ਼ਵ ਦੇ ਉਦਾਸ ਦਿਲ ਵਿਚ ਵਾਰ ਵਾਰ ਆਵੇ ਕਿ ਉਹ ਭਾਰਤੀ ਨੂੰ ਗਲ ਨਾਲ ਲਾ ਕੇ ਕਹੇ, "ਤੂੰ ਮੇਰੀ ਧੀ ਐਂ" ਪਰ ਉਹ ਕਹਿ ਨਾ ਸਕਿਆ।

ਅਗਲੇ ਦਿਨ ਉਹ ਹਰਦੁਆਰ ਗਏ, ਅਨੂ ਦੇ ਫੁੱਲ ਗੰਗਾ ਵਿਚ ਪ੍ਰਵਾਹ ਕੀਤੇ, ਜ਼ਰੂਰੀ ਪੂਜਾ ਕੀਤੀ। ਕੇਸ਼ਵ ਦੇ ਮੁੜ ਮੁੜ ਰੋਕਣ ਦੇ ਬਾਵਜੂਦ ਭਾਰਤੀ ਜਾਣ ਲਈ ਤਿਆਰ ਹੋ ਗਈ। ਹਵਾਈ-ਅੱਡੇ ਉਤੇ ਕੇਸ਼ਵ ਨੇ ਫਿਰ ਕਿਹਾ, "ਬੇਟੀ! ਤੂੰ ਏਥੇ ਮੇਰੇ ਕੋਲ ਹੀ ਰਹਿ ਜਾ, ਉਥੇ ਅਮਰੀਕਾ ਤੇਰਾ ਕੌਣ ਐ?"

"ਨਹੀਂ ਅੰਕਲ! ਮੇਰੇ ਸੁਫ਼ਨੇ ਨੇ, ਜਿਹੜੇ ਯੂ. ਐਸ. ਵਿਚ ਹੀ ਪੂਰੇ ਹੋਣਗੇ... ਵੈੱਲ, ਥੈਂਕਯੂ ਸੋ ਮੱਚ ਅਗੇਨ... ਬਾਇ ਅੰਕਲ..."

ਤੇ ਅਨੂ ਹੱਥ ਹਿਲਾਉਂਦੀ ਹੋਈ ਗੇਟ ਦੇ ਅੰਦਰ ਦਾਖਿਲ ਹੋ ਗਈ।

ੴ



## ਜ਼ਖ਼ਮੀ ਸਿਦਕ

ਹਸਪਤਾਲ ਦਾ ਐਮਰਜੈਂਸੀ ਕਮਰਾ, ਦਸ ਕੈਬਿਨ ਤੇ ਹਰ ਕੈਬਿਨ ਵਿਚ ਮੌਤ ਨਾਲ ਜੂਝਦਾ ਮਰੀਜ਼... ਇਹਨਾਂ ਵਿਚਕਾਰ ਇਕ ਡਾਕਟਰ ਤੇ ਫਿਰਕੀ ਵਾਂਗ ਘੁੰਮਦੀਆਂ ਅੱਠ ਨਰਸਾਂ ਅਤੇ ਹੋਰ ਕਰਮਚਾਰੀ। ਇਕ ਡਾਕਟਰ ਛੁੱਟੀ 'ਤੇ ਹੋਣ ਕਾਰਨ ਡਾ. ਗੋਇਲ ਇਕੱਲੇ ਹੀ ਸਵੇਰ ਤੋਂ ਮਰੀਜ਼ਾਂ ਦੀ ਦੇਖ-ਭਾਲ ਵਿਚ ਜੁਟੇ ਹੋਏ ਸਨ। ਮੈਡੀਕਲ ਸੁਪਰਿਟੈਂਡੈਂਟ ਨੇ ਸਵੇਰੇ ਹੀ ਹੋਰ ਡਾਕਟਰ ਭੇਜਣ ਦਾ ਭਰੋਸਾ ਦਿਵਾਇਆ ਸੀ ਪਰ ਅਜੇ ਤੱਕ ਕੋਈ ਹੋਰ ਡਾਕਟਰ ਨਹੀਂ ਪਹੁੰਚਿਆ ਸੀ । ਸ਼ਾਮ ਦੇ ਚਾਰ ਵੱਜ ਗਏ, ਡਾ. ਗੋਇਲ ਥਕਾਵਟ ਤੇ ਕਮਜ਼ੋਰੀ ਮਹਿਸੂਸ ਕਰਦਿਆਂ ਕੁਰਸੀ ਵੱਲ ਵਧੇ ਹੀ ਸੀ ਕਿ ਨਰਸ ਦੀ ਘਬਰਾਈ ਆਵਾਜ਼ ਆਈ, "ਡੌਕਟਰ ਜਲਦੀ... ਪੇਸ਼ੈਂਟ ਸ਼ਾਕ ਵਿਚ ਚਲਾ ਗਿਆ..."

ਡਾ. ਗੋਇਲ ਦੌੜ ਕੇ ਪਹੁੰਚੇ... ਮਰੀਜ਼ ਦੀ ਨਬਜ਼ ਨਹੀਂ... ਦਿਲ ਦੀ ਧੜਕਣ ਨਹੀਂ...

"ਨਰਸ ਛੇਤੀ ਆਕਸੀਜਨ ਲਾਓ... ਇੰਜੈਕਸ਼ਨ ਦਿਓ" ਕਹਿੰਦੇ ਦਿਲ ਦੀ ਮਾਲਿਸ਼ ਤੇ ਸਾਹ ਦਵਾਉਣ ਦੀ ਪ੍ਰਕਿਰਿਆ ਕਰਨ ਲੱਗੇ।

ਸਾਰੇ ਇਲਾਜ ਤੇ ਲਗਾਤਾਰ ਰਿਵਾਈਵ ਕਰਨ ਦੇ ਯਤਨਾਂ ਦੇ ਬਾਵਜੂਦ ਮਰੀਜ਼ ਦੀ ਮੌਤ ਹੋ ਗਈ। ਮੁੜ੍ਹਕੋ-ਮੁੜ੍ਹਕੀ ਹੋਏ ਡਾਕਟਰ ਨੇ ਹਤਾਸ਼ ਹੋ ਕੇ ਮਰੀਜ਼ ਦਾ ਚਿਹਰਾ ਢਕ ਦਿੱਤਾ ਤੇ ਨਜ਼ਰ ਉਪਰ ਚੁੱਕ ਕੇ ਦੇਖਿਆ। ਮਰੀਜ਼ਾਂ ਦੇ ਰਿਸ਼ਤੇਦਾਰਾਂ ਸਮੇਤ ਛੋਟੀ ਜਿਹੀ ਭੀੜ ਇਕੱਠੀ ਹੋ ਚੁੱਕੀ ਸੀ, ਮਰੀਜ਼ ਦਾ ਪਤੀ ਅਤੇ ਮਾਂ ਡਾਕਟਰ ਵੱਲ ਕਹਿਰਵਾਨ ਅੱਖਾਂ ਨਾਲ ਦੇਖ ਰਹੇ ਸਨ। ਡਾ. ਗੋਇਲ ਕੁਝ ਬੋਲਣ ਹੀ ਵਾਲੇ ਸੀ ਕਿ ਮਰੀਜ਼ ਦੇ ਪਤੀ ਨੇ ਉਹਨਾਂ ਦੇ ਜ਼ੋਰਦਾਰ ਚਪੇੜ ਮਾਰੀ ਤੇ ਕਾਲਰ ਤੋਂ ਫੜ ਕੇ ਚੀਕਿਆ, "ਦੋ ਘੰਟੇ ਪਹਿਲਾਂ ਤੂੰ ਕਿਹਾ ਸੀ ਕਿ ਹਾਲਤ 'ਚ ਸੁਧਾਰ ਹੈ... ਤੇ ਹੁਣ ਅਚਾਨਕ?... ਕਸਾਈ ਹੋ ਕਸਾਈ... ਲੱਖਾਂ ਦਾ ਬਿਲ ਬਣਾ ਕੇ ਲੁੱਟਦੇ ਹੋ..."

ਏਨੇ ਨੂੰ ਸੁਰੱਖਿਆ-ਅਮਲੇ ਵਾਲੇ ਆ ਗਏ ਤੇ ਪਤੀ ਨੂੰ ਫੜ ਕੇ ਲਿਜਾਣ ਲੱਗੇ। ਜਾਂਦੇ-ਜਾਂਦੇ ਨੇ ਵੀ ਲੱਤ ਮਾਰੀ ਤੇ ਡਾ. ਗੋਇਲ ਲੜਖੜਾ ਕੇ ਡਿੱਗ ਪਏ। ਸੁਰੱਖਿਆ-ਅਮਲੇ ਵਾਲਿਆਂ ਸਭ ਨੂੰ ਬਾਹਰ ਕੱਢ ਦਿੱਤਾ, ਨਰਸਾਂ ਨੇ ਸਹਾਰਾ ਦੇ ਕੇ ਡਾ. ਸਾਹਿਬ ਨੂੰ ਕੁਰਸੀ 'ਤੇ ਬਿਠਾਇਆ। ਪਾਣੀ ਦਾ ਗਲਾਸ

ਪੀ ਕੇ ਉਹਨਾਂ ਦੇ ਹੋਸ਼ ਕੁਝ ਟਿਕਾਣੇ ਆਏ, ਨਰਸਾਂ ਆਪਣੇ ਆਪਣੇ ਮਰੀਜ਼ਾਂ ਵੱਲ ਤੁਰ ਗਈਆਂ। ਏਨੇ ਨੂੰ ਇਕ ਨਰਸ ਦੀ ਉਚੀ ਆਵਾਜ਼ ਆਈ, "ਡਾਕਟਰ! ਇਸ ਮਰੀਜ਼ ਨੂੰ ਰਿਐਕਸ਼ਨ ਹੋ ਗਿਆ"

ਸਾਰੀ ਕੁੜੱਤਣ ਤੇ ਥਕਾਵਟ ਭੁਲਾ ਕੇ ਡਾ. ਗੋਇਲ ਉਸ ਮਰੀਜ਼ ਵੱਲ ਦੌੜ ਪਏ।

ੴ



## ਫ਼ੈਸਲਾ ਧੀਆਂ ਹੱਥ

ਸਵੀਟੀ ਨੇ ਐਮ. ਏ. ਕਰ ਲਈ ਤਾਂ ਮਾਤਾ ਪਿਤਾ ਤੇ ਰਿਸ਼ਤੇਦਾਰ ਵਿਆਹ ਬਾਰੇ ਵਿਚਾਰਨ ਲੱਗੇ। ਸਵੀਟੀ ਨੇ ਸਹਿਮਤੀ ਦਿੰਦਿਆਂ ਕਿਹਾ, "ਵਿਆਹ ਸਾਦਾ ਹੋਊ ਤੇ ਦਹੇਜ ਦੀ ਕੋਈ ਗੱਲ ਨਹੀਂ ਹੋਊ, ਦਹੇਜ 'ਤੇ ਕਾਟਾ ਮਾਰ ਦਿਓ"

ਬੜੀ ਮੁਸ਼ਕਿਲ ਨਾਲ ਇਕ ਚੰਗੇ ਪਰਿਵਾਰ ਦਾ ਮੁੰਡਾ ਚੁਣ ਕੇ ਉਹਨਾਂ ਨੂੰ ਬੁਲਾਇਆ ਗਿਆ, ਦੋ ਕਾਰਾਂ ਭਰਕੇ ਮਹਿਮਾਨ ਪਹੁੰਚ ਗਏ। ਸਵੀਟੀ ਨੂੰ ਇਹ ਸਾਰਾ ਕੁਝ ਅਟਪਟਾ ਲੱਗ ਰਿਹਾ ਸੀ, ਚਾਹ ਦੀ ਟਰੇ ਫੜੀ ਉਹ ਡਰਾਇੰਗ ਰੂਮ ਵਿਚ ਦਾਖਲ ਹੋਈ ਤਾਂ ਐਨੀਆਂ ਨਿਗਾਹਾਂ ਦਾ ਸਾਹਮਣਾ ਕਰਦੀ ਘਬਰਾ ਜਿਹੀ ਗਈ। ਚਾਹ ਕੱਪ ਵਿਚ ਪਾਉਣ ਲੱਗੀ ਤਾਂ ਥੋੜ੍ਹੀ ਜਿਹੀ ਚਾਹ ਬਾਹਰ ਡੁਲ੍ਹ ਗਈ। ਮੁੰਡੇ ਨੇ ਕੇਤਲੀ ਵੱਲ ਹੱਥ ਵਧਾਉਂਦਿਆਂ ਕਿਹਾ, "ਲੈਟ ਮੀ ਹੈਲਪ ਯੂ"

ਉਹਦੀ ਮਾਂ ਨਾਲ ਹੀ ਬੋਲ ਪਈ, "ਵੇ ਅਰਵਿੰਦ! ਹੈਲਪ ਕਰਦਾ ਥੱਲੇ ਈ ਨਾ ਲੱਗ ਜਾਈਂ" ਸਾਰੇ ਹੱਸ ਪਏ।

ਫਿਰ ਉਹ ਸਵੀਟੀ ਦੀ ਮੰਮੀ ਵੱਲ ਮੂੰਹ ਕਰਕੇ ਬੋਲੀ, "ਭੈਣ ਜੀ! ਬੇਟੀ ਖੱਬੇ ਹੱਥ ਨਾਲ ਚਾਹ ਦਾ ਕੱਪ ਫੜਾਉਂਦੀ ਐ, ਖੱਬਚੂ ਐ?" ਸਵੀਟੀ ਦੀ ਮੰਮੀ ਸਿਰਫ- "...ਜੀ..." ਹੀ ਕਹਿ ਸਕੀ। ਰਸਮੀ ਜਾਣ-ਪਛਾਣ ਪਿਛੋਂ ਉਹਦੇ ਪਾਪਾ ਬੋਲੇ, "ਸਵੀਟੀ ਬੇਟਾ! ਅਰਵਿੰਦ ਨੂੰ ਆਪਣਾ ਘਰ ਤੇ ਕਮਰਾ ਦਿਖਾਓ" ਉਹ ਆਪਣੇ ਵਲੋਂ ਰਿਸ਼ਤਾ ਮਨਜ਼ੂਰ ਕਰੀ ਬੈਠੇ ਸਨ। ਅਰਵਿੰਦ ਦੇ ਪਿਤਾ ਨੇ ਵੀ "...ਜ਼ਰੂਰ... ਜ਼ਰੂਰ..." ਕਹਿੰਦਿਆਂ ਹਾਂ ਵਿਚ ਹਾਂ ਮਿਲਾਈ ਤੇ ਬੋਲੇ, "ਨਾਲੇ ਆਪਾਂ ਕੁਝ ਕਾਰ-ਵਿਹਾਰ ਦੀਆਂ ਗੱਲਾਂ ਕਰ ਲਈਏ"

ਜਾਂਦੀ ਜਾਂਦੀ ਸਵੀਟੀ ਦੇ ਕੰਨ ਵਿਚ ਆਵਾਜ਼ ਪਈ, "ਫਿਰ ਗਿੱਲ ਸਾਹਿਬ! ਤੁਹਾਡਾ ਕਾਰੋਬਾਰ ਤੇ ਘਰ ਤਾਂ ਬੜਾ ਆਲੀਸ਼ਾਨ ਹੈ, ਇਕੋ ਬੇਟੀ ਹੈ, ਕਿੰਨਾ ਕੁ ਖਰਚ ਕਰੋਂਗੇ ਵਿਆਹ 'ਤੇ...?"

ਸਵੀਟੀ ਉਹਨੀਂ ਪੈਰੀਂ ਵਾਪਿਸ ਆ ਗਈ ਤੇ ਪਿਤਾ ਦੇ ਮੋਢੇ 'ਤੇ ਹੱਥ ਰੱਖ ਕੇ ਬੋਲੀ, "ਪਾਪਾ! ਯਾਦ ਐ ਆਪਾਂ ਕੀ ਫ਼ੈਸਲਾ ਕੀਤਾ ਸੀ? ਕਿਉਂ ਨਾ ਆਪਾਂ ਹੋਰ ਕਿਤੇ...?"

ਪਾਪਾ ਨੇ ਸਿਰ ਹਿਲਾਉਂਦਿਆਂ ਕਿਹਾ, "ਠੀਕ ਹੈ ਬੇਟਾ..." ਤੇ ਹੈਰਾਨ ਹੋਏ ਮਹਿਮਾਨਾਂ ਵੱਲ ਹੱਥ ਜੋੜ ਦਿੱਤੇ।

# ਰਾਹ ਦੇ ਰੋੜੇ

ਸੇਵਾ-ਮੁਕਤ ਪ੍ਰਿੰਸੀਪਲ ਕਿਰਪਾਲ ਸਿੰਘ ਅੱਜ ਬੇਹੱਦ ਖ਼ੁਸ਼ ਸਨ, ਉਹਨਾਂ ਦਾ ਪੁੱਤਰ ਦਰਸ਼ਨਪਾਲ ਐਮ. ਬੀ. ਬੀ. ਐਸ. ਦੀ ਪ੍ਰੀਖਿਆ ਪਾਸ ਕਰਕੇ ਕੁਝ ਦਿਨਾਂ ਵਾਸਤੇ ਘਰ ਆ ਰਿਹਾ ਸੀ। ਉਹਨਾਂ ਨੇ ਘਰੇ ਹੀ ਨਿੱਕੀ ਜਿਹੀ ਪਾਰਟੀ ਰੱਖੀ ਸੀ, ਖਾਣ-ਪੀਣ, ਨੱਚਣ-ਗਾਉਣ ਤੇ ਵਧਾਈਆਂ ਦੇ ਦੌਰ ਤੋਂ ਵਿਹਲੇ ਹੋ ਕੇ ਪਿਤਾ-ਪੁੱਤਰ ਇਕੱਲੇ ਬੈਠੇ ਤਾਂ ਪ੍ਰਿੰਸੀਪਲ ਸਾਹਿਬ ਨੇ ਇਕ ਵਾਰ ਫੇਰ ਦਰਸ਼ਨਪਾਲ ਨੂੰ ਜੱਫੀ ਵਿਚ ਘੁੱਟ ਲਿਆ।

"ਪਾਪਾ! ਤੁਸੀਂ ਦਸਵੀਂ ਤੋਂ ਬਾਅਦ ਮੈਨੂੰ ਅਚਾਨਕ ਆਪਣੇ ਸਕੂਲ ਵਿਚੋਂ ਹਟਾ ਕੇ ਦੂਰ ਦੇ ਸਕੂਲ ਵਿਚ ਭੇਜ ਦਿੱਤਾ ਸੀ, ਜਦੋਂ ਕਿ ਮੈਂ ਦੋ ਸਾਲ ਹੋਰ ਘਰੇ ਰਹਿ ਕੇ ਇਸੇ ਸਕੂਲ ਵਿਚ ਪੜ੍ਹ ਸਕਦਾ ਸੀ"

ਦਰਸ਼ਨਪਾਲ ਨੇ ਪਿਤਾ ਦਾ ਵਧੀਆ ਰਉਂ ਦੇਖ ਕੇ ਚਿਰਾਂ ਤੋਂ ਦੱਬਿਆ ਪਿਆ ਸੁਆਲ ਉਠਾਇਆ।

"ਬੇਟਾ! ਮੇਰੇ ਪ੍ਰਿੰਸੀਪਲ ਹੋਣ ਕਾਰਨ ਅਧਿਆਪਕ ਤੇਰੀ ਗ਼ੈਰ-ਵਾਜਬ ਮਦਦ ਕਰਦੇ ਤੇ ਇਉਂ ਤੇਰੀ ਪੜ੍ਹਾਈ ਵਿਚ ਲਗਨ ਘਟ ਸਕਦੀ ਸੀ, ਯਾਦ ਐ ਸਾਲਾਨਾ ਇਮਤਹਾਨ 'ਚ ਮਾਸਟਰ ਕਰਨੈਲ ਸਿੰਘ ਨੇ ਤੈਨੂੰ ਦੋ ਸਵਾਲ ਹੱਲ ਕਰਵਾ ਦਿੱਤੇ ਸੀ?"

"ਹਾਂ ਜੀ! ਯਾਦ ਐ, ਇਸ ਬਾਰੇ ਤੁਸੀਂ ਉਹਨਾਂ ਨੂੰ ਦਫਤਰ 'ਚ ਬੁਲਾਇਆ ਸੀ..."

"ਬੱਸ ਏਸੇ ਕਰਕੇ ਤੈਨੂੰ ਆਪਣੇ ਤੋਂ ਦੂਰ ਭੇਜਿਆ ਸੀ ਕਿ ਮੇਰੀ ਪੁਜ਼ੀਸ਼ਨ ਕਰਕੇ ਤੇਰੀ ਮਿਹਨਤ ਕਰਨ ਦੀ ਆਦਤ ਨਾ ਖਰਾਬ ਹੋਵੇ ਤੇ ਤੂੰ ਆਪਣੀ ਸਫ਼ਲਤਾ ਵਾਸਤੇ ਕਿਸੇ ਹੋਰ ਦਾ ਸਹਾਰਾ ਜਾਂ ਸ਼ਾਰਟ-ਕੱਟ ਨਾ ਲੱਭਣ ਲੱਗ ਪਵੇਂ..."

"ਹਾਂ ਜੀ ਪਾਪਾ! ਇਹ ਤਾਂ ਹੈ... ਸੱਚੀਂ ਮੈਂ ਉਦੋਂ ਸੋਚਣ ਲੱਗਾ ਸੀ ਕਿ ਪੰਜਾਬੀ ਟੀਚਰ ਮੇਰੀ ਹੈਲਪ ਕਿਉਂ ਨਹੀਂ ਕਰਦਾ?... ਅੱਜ ਮੈਨੂੰ ਇਹ ਗੱਲ ਸਾਫ ਹੋ'ਗੀ"

"ਸੋ ਬੇਟਾ! ਔਖੇ ਸਮਿਆਂ ਵਿਚੋਂ ਲੰਘ ਕੇ ਈ ਮਿਹਨਤ ਕਰਨ ਦੀ ਆਦਤ



ਬਣਦੀ ਹੈ ਤੇ ਉਹਦਾ ਨਤੀਜਾ ਵੀ ਬਹੁਤ ਮਿੱਠਾ ਹੁੰਦੈ... ਹੁਣ ਤੂੰ ਆਪਣੇ ਵੱਲ ਈ ਦੇਖ ਲੈ"

"ਥੈਂਕਯੂ ਪਾਪਾ..."

ਕਹਿੰਦਾ ਦਰਸ਼ਨਪਾਲ ਆਪਣੇ ਪਿਤਾ ਦੇ ਪੈਰਾਂ ਨੂੰ ਹੱਥ ਲਾਉਣ ਲਈ ਝੁਕ ਗਿਆ।

ੴ

## ਮੋੜਵੀਂ ਖ਼ੁਸ਼ੀ

ਨਵੇਂ ਐਸ. ਡੀ. ਓ. ਸਾਹਿਬ ਨੂੰ ਡਿਊਟੀ 'ਤੇ ਹਾਜ਼ਿਰ ਹੋਇਆਂ ਥੋੜ੍ਹੇ ਹੀ ਦਿਨ ਹੋਏ ਸਨ। ਅਧੀਨ ਕਰਮਚਾਰੀ ਆਨੇ-ਬਹਾਨੇ ਉਹਨਾਂ ਦੇ ਘਰ ਚੱਕਰ ਮਾਰ ਜਾਂਦੇ, ਕੁਝ ਤਾਂ ਸਲਾਹ ਦੇਣ ਦੇ ਬਹਾਨੇ ਦੂਜਿਆਂ ਦੀਆਂ ਚੁਗਲੀਆਂ ਵੀ ਕਰ ਜਾਂਦੇ ਤੇ ਆਪਣੇ-ਆਪ ਨੂੰ ਸਾਹਿਬ ਦਾ ਹਿਤੈਸ਼ੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ। ਇਕ ਜੂਨੀਅਰ ਕਲਰਕ ਵੀ ਮਿਠਿਆਈ ਤੇ ਡਰਾਈ-ਫਰੂਟ ਦੀ ਟ੍ਰੇਅ ਲੈ ਕੇ ਪਹੁੰਚ ਗਿਆ। ਸਾਹਿਬ ਬਰਾਂਡੇ ਵਿਚ ਹੀ ਬੈਠੇ ਸਨ, ਕਲਰਕ ਉਹਨਾਂ ਅੱਗੇ ਪਈ ਮੇਜ਼ 'ਤੇ ਡੱਬੇ ਰੱਖਦਾ ਬੋਲਿਆ, "ਸਰ! ਇਹ ਬੱਚਿਆਂ ਲਈ ਲਿਆਇਆ ਸੀ..."

ਐਸ. ਡੀ. ਓ. ਸਾਹਿਬ ਨੇ ਉਹਨੂੰ ਉਤੋਂ ਥੱਲੇ ਤੱਕ ਦੇਖਿਆ, ਸਧਾਰਨ ਦਿੱਖ ਅਤੇ ਲਿਬਾਸ, ਉਹਨਾਂ ਦੀ ਪਾਰਖੂ ਅੱਖ ਨੇ ਦੱਸਿਆ ਕਿ ਬੰਦਾ ਇਮਾਨਦਾਰ ਲੱਗਦੈ, ਬੱਸ ਬਾਕੀ ਕਰਮਚਾਰੀਆਂ ਤੋਂ ਪਿਛੇ ਰਹਿ ਜਾਣ ਦੇ ਡਰੋਂ ਇਹ ਸੁਗਾਤਾਂ ਲੈ ਕੇ ਆਇਐ। ਉਹ ਮੁਸਕੁਰਾਏ ਤੇ ਕਲਰਕ ਦੀ ਜੇਬ ਵਿਚੋਂ ਪੈੱਨ ਕੱਢਦੇ ਬੋਲੇ, "ਇਹਨਾਂ ਤੋਹਫਿਆਂ ਦੀ ਥਾਂ ਜੇ ਬੱਚਿਆਂ ਨੂੰ ਇੰਸਪਾਇਰ ਕਰਨ ਲਈ ਇਹ ਪੈੱਨ ਦੇ ਜਾਵੇਂ ਤਾਂ ਖ਼ੁਸ਼ੀ ਖ਼ੁਸ਼ੀ ਲੈ ਲਵਾਂਗਾ"

ਡੱਬਿਆਂ ਵੱਲ ਇਸ਼ਾਰਾ ਕਰਦਾ ਕਲਰਕ ਹੱਥ ਜੋੜ ਕੇ ਨਿਮਰਤਾ ਨਾਲ ਬੋਲਿਆ, "ਮੈਂ ਤਾਂ ਜੀ ਤੁਹਾਡੇ ਵਾਸਤੇ ਇਹ..."

ਐਸ. ਡੀ. ਓ. ਸਾਹਿਬ ਨੇ ਮਿਠਾਈ ਵਾਲਾ ਡੱਬਾ ਖੋਲ੍ਹਿਆ, ਬਰਫੀ ਦਾ ਇਕ ਟੁਕੜਾ ਚੁੱਕ ਕੇ ਉਹਦੇ ਮੋਢੇ 'ਤੇ ਹੱਥ ਰੱਖਦਿਆਂ ਬੋਲੇ, "ਲੈ! ਮੈਂ ਤੇਰਾ ਮਾਣ ਰੱਖ ਲੈਨਾਂ... ਬਾਕੀ ਤੂੰ ਆਪਣੇ ਬੱਚਿਆਂ ਲਈ ਲੈ ਜਾ... ਖ਼ੁਸ਼ ਹੋ ਜਾਣਗੇ"

ਕਲਰਕ ਸਾਰਾ ਸਮਾਨ ਚੁੱਕ ਕੇ ਬਾਹਰ ਆਉਂਦਾ ਗਿੱਠ ਗਿੱਠ ਉੱਚਾ ਮਹਿਸੂਸ ਕਰ ਰਿਹਾ ਸੀ।

ੴ



## ਸੁਰਗਾਂ ਵਿੱਚ ਪਹੁੰਚਾਉਣ ਵਾਲੇ

ਗੰਗਾ ਘਾਟ ਨੇੜੇ ਪਹੁੰਚਦਿਆਂ ਹੀ ਕਈ ਚਿਟਕਪੜੀਏ ਤਿਲਕਧਾਰੀ ਬੰਦੇ ਸਾਡੇ ਵੱਲ ਨੂੰ ਆ ਗਏ, ਸਾਡੀਆਂ ਉਤਰੀਆਂ ਹੋਈਆਂ ਸ਼ਕਲਾਂ ਦੇਖ ਉਹ ਸਾਡੇ ਉਥੇ ਆਉਣ ਦਾ ਕਾਰਨ ਵੀ ਬੁੱਝ ਗਏ।

"ਆਪਕੋ ਗਤੀ ਕਰਵਾਨੀ ਹੈ ਕਿਆ?"

"ਕਹਾਂ ਸੇ ਆਏ ਹੋ?"

"ਗੋਤਰ ਕਿਆ ਹੈ?"

ਉਪਰੋਥਲੀ ਦੇ ਸਵਾਲਾਂ ਨਾਲ ਅਸੀਂ ਭਮੱਤਰ ਜਿਹੇ ਗਏ, ਇਕ ਸਿਆਣੇ ਜਾਪਦੇ ਬੰਦੇ ਨੂੰ ਦੱਸਿਆ, "ਪਿਤਾ ਜੀ ਦੀ ਮੌਤ ਹੋ ਗਈ ਹੈ, ਸਿੰਗਲਾ ਗੋਤਰ ਹੈ, ਪੰਜਾਬ ਜਲੰਧਰ ਸੇ"

"ਚਲੀਏ ਚਲੀਏ, ਹਮ ਬਤਾਤੇ ਹੈਂ" ਕਹਿੰਦੇ ਕਈ ਜਣੇ ਸਾਡੇ ਅੱਗੇ ਤੁਰ ਪਏ। ਅਸੀਂ ਵੀ ਗੁੰਮਸੁੰਮ ਜਿਹੇ ਉਹਨਾਂ ਦੇ ਮਗਰ ਮਗਰ ਚੱਲਦੇ ਰਹੇ। ਥੋੜ੍ਹੀ ਦੂਰ ਗੰਗਾ ਜੀ ਦੇ ਕਿਨਾਰੇ ਥੜ੍ਹੇ ਉੱਤੇ ਛਾਂ ਕਰਕੇ ਬੈਠੇ ਹੋਏ ਗੰਜੇ ਸਿਰ ਵਾਲੇ ਢਿੱਡਲ ਪੰਡਿਤ ਕੋਲ ਲਿਜਾ ਕੇ ਇਕ ਜਣਾ ਬੋਲਿਆ, "ਯੇ ਜਾਲੰਧਰ ਸੇ ਅਪਨੇ ਪਿਤਾ ਕੀ ਗਤੀ ਕਰਵਾਨੇ ਆਏ ਹੈਂ"

"ਤੁਮਾਰੇ ਸੰਗ ਹੈਂ? ਤੋ ਯੇ ਭੀੜ ਕਾਹੇ? ਚਲੋ ਚਲੋ, ਨਿਕਲੋ" ਬਾਕੀ ਸਾਰੇ ਮੁੜ ਗਏ।

ਪੰਡਿਤ ਜੀ ਸਾਨੂੰ ਮੁਖਾਤਿਬ ਹੋ ਕੇ ਬੋਲੇ, "ਬਿਰਾਜੀਏ!" ਮੈਂ, ਮੇਰੀ ਮਾਂ, ਮਾਮਾ, ਮੇਰਾ ਸਾਲਾ ਤੇ ਘਰਾਂ 'ਚੋਂ ਲੱਗਦਾ ਇਕ ਚਾਚਾ, ਸਾਰੇ ਬੈਠ ਗਏ। ਪੰਡਿਤ ਜੀ ਨੇ ਸਾਰੀ ਲੋੜੀਂਦੀ ਜਾਣਕਾਰੀ ਲੈ ਕੇ ਕਿਹਾ, "ਕਰ ਦੇਤੇ ਹੈਂ, ਆਪ ਕਿਤਨੇ ਵਾਲੀ ਗਤੀ ਕਰਵਾਏਂਗੇ, ਗਿਆਰਾਂ ਹਜ਼ਾਰ, ਇਕੀਸ ਹਜ਼ਾਰ ਯਾ ਇਕੱਤੀਸ ਹਜ਼ਾਰ ਵਾਲੀ ਯਾ ਫਿਰ ਗੋਲਡਨ-ਇਕਿਆਵਨ ਹਜ਼ਾਰ ਵਾਲੀ...?"

ਮੈਂ ਆਪਣੇ ਸਾਥੀਆਂ ਵੱਲ ਦੇਖਿਆ, ਸਭ ਨੂੰ ਪਤਾ ਸੀ ਕਿ ਪੈਸੇ ਤਾਂ ਮੈਂ ਹੀ ਦੇਣੇ ਨੇ, ਇਸ ਲਈ ਕੋਈ ਕੁਝ ਨਾ ਬੋਲਿਆ। ਮੈਂ ਕਿਹਾ, "ਆਪ ਪੂਜਾ ਪਾਠ ਸ਼ੁਰੂ ਕਰੀਏ, ਦਾਨ ਦਕਸ਼ਿਣਾ ਮੇਂ ਹਮ ਆਪ ਕੋ ਨਿਰਾਸ਼ ਨਹੀਂ ਕਰੇਂਗੇ"

"ਬਤਾ ਦੇਤੇ ਤੋ ਅੱਛਾ ਹੋਤਾ, ਚਲੋ ਸ਼ੁਰੂ ਕਰ ਦੇਤੇ ਹੈਂ, ਸਾਮਾਨ-ਸਮੱਗਰੀ ਸਭ ਹਮ ਖਰੀਦ ਕੇ ਰੱਖੇ ਹੈਂ, ਆਪ ਕੋ ਬਾਜ਼ਾਰ ਨਹੀਂ ਦੌੜਾਏਂਗੇ"

ਸਭ ਕੁਝ ਕਰੀਨੇ ਨਾਲ ਸਜਾ ਕੇ ਪੰਡਿਤ ਜੀ ਫਿਰ ਬੋਲੇ, "ਚਲੀਏ! ਅਬ ਬਤਾਈਏ"

ਮੇਰਾ ਫਿਰ ਉਹੀ ਜਵਾਬ ਸੁਣ ਪੰਡਿਤ ਜੀ ਭੜਕ ਗਏ, "ਐਸੇ ਕੈਸੇ ਹੋਗਾ? ਆਪ ਨਹੀਂ ਬਤਾਏਂਗੇ ਤੋ ਹਮ ਪੂਜਾ ਸੇ ਉਠ ਜਾਏਂਗੇ"

ਮੈਨੂੰ ਵੀ ਥੋੜ੍ਹਾ ਜਿਹਾ ਗੁੱਸਾ ਆ ਗਿਆ, ਕਿਹਾ, "ਮੇਰੇ ਪਿਤਾ ਏਕ ਨੇਕ, ਇਮਾਨਦਾਰ ਔਰ ਦਿਆਲੂ ਇਨਸਾਨ ਥੇ, ਵੋ ਆਵੱਸ਼ਯ ਸਵਰਗ ਪਹੁੰਚ ਗਏ ਹੋਂਗੇ, ਆਪ ਕੋ ਪੂਜਾ ਨਹੀਂ ਕਰਨੀ ਤੋ ਹਮ ਜਾਤੇ ਹੈਂ" ਅਤੇ ਅਸੀਂ ਸਾਰੇ ਉੱਠਣ ਲੱਗੇ।

"ਨਹੀਂ ਜਜਮਾਨ! ਇਨ ਮਾਮਲੋਂ ਮੇਂ ਗੁੱਸਾ ਨਹੀਂ ਕਰਤੇ, ਯੇ ਪੂਜਾ ਗਤੀ ਮੇਰੇ ਸਿਵਾ ਔਰ ਕੋਈ ਨਹੀਂ ਕਰੇਗਾ"

ਸਾਨੂੰ ਬਿਠਾਉਂਦਿਆਂ ਹੋਇਆਂ ਉਹਨੇ ਸ਼ਲੋਕ ਪੜ੍ਹਨੇ ਸ਼ੁਰੂ ਕਰ ਦਿੱਤੇ।

ੴ



## ਬਿਸ਼ਨੀਏ ਫੇਰ ਆਊਂ!

"ਬਿਸ਼ਨ ਕੁਰੇ! ਆਹ ਦੇਖੀਂ, ਬਾਹਰ ਮੋਟਰ ਕੀਹਦੀ ਆਈ ਐ?"

ਬਿਸ਼ਨ ਕੌਰ ਤ੍ਰਭਕ ਕੇ ਡੂੰਘੀ ਸੋਚ ਵਿਚੋਂ ਜਾਗੀ, "ਕੋਈ ਨੀ, ਗਵਾਂਢੀਆਂ ਦਾ ਟਰੱਕ ਐ..." ਕਹਿਕੇ ਉਹ ਫਿਰ ਸੋਚਾਂ ਵਿਚ ਗੋਤੇ ਖਾਣ ਲੱਗੀ। ਉਹਨਾਂ ਐਵੇਂ ਹੀ ਆਪਣਾ ਵੱਖਰਾ ਬੈਂਕ ਅਕਾਊਂਟ ਖੋਲ੍ਹ ਕੇ ਸੁਖਬੀਰ ਤੇ ਨੂੰਹ-ਰਾਣੀ ਨੂੰ ਨਰਾਜ਼ ਕਰ ਲਿਆ ਸੀ, ਤੀਜੇ ਦਿਨ ਹੀ ਦੋਵਾਂ ਨੂੰ ਵੱਖਰੀ ਬੇਸਮੈਂਟ 'ਚ ਜਾਣ ਲਈ ਕਹਿ ਦਿੱਤਾ ਗਿਆ ਸੀ।

ਬੂਹੇ ਦੀ ਘੰਟੀ ਨੇ ਖ਼ਿਆਲਾਂ ਦੀ ਲੜੀ ਫਿਰ ਤੋੜ ਦਿੱਤੀ। ਆਪਣੀ ਸਹੇਲੀ ਕਰਤਾਰੋ ਨੂੰ ਗਲ ਲਾਉਂਦੀ ਉਹ ਹਉਕਾ ਜਿਹਾ ਲੈ ਕੇ ਬੋਲੀ, "ਕੁੜੇ ਛੇਤੀ ਖ਼ਬਰ ਲੈ ਜਿਆ ਕਰ, ਆਹ ਤੇਰਾ ਬਾਈ ਤਾਂ ਆਲੇ ਦੁਆਲੇ ਦੀ ਹੋਸ਼ ਈ ਗੁਆ ਬੈਠਾ, ਬਸ ਪਿਛੇ ਵੱਲ ਈ ਸੁਰਤ ਲੱਗੀ ਰਹਿੰਦੀ ਐ"

"ਨੀ ਬਿਸ਼ਨੀਏ! ਆਹ ਕੀ ਲੋਹੜਾ ਮਾਰਿਆ ਸੁਖਬੀਰ ਤੇ ਬਹੂ ਨੇ? ਦੋ ਟੁਕੜੇ ਨਾ ਸਰੇ ਬੁਢੇਵਾਰੇ?"

"ਬਸ ਭੈਣੇਂ ਪੁਛ ਨਾ, ਅਸੀਂ ਤਾਂ ਪਛਤਾਉਨੇ ਆਂ ਕਨੇਡੇ ਆ ਕੇ, ਜਦੋਂ ਕੰਮ ਮਤਲਬ ਸੀ ਉਦੋਂ ਬਾਪੂ ਬਾਪੂ... ਅਖੇ ਤੁਸੀਂ ਪੱਕੇ ਈ ਆ ਜੋ, ਜੁਆਕ ਜੋ ਪਾਲਣੇ ਸੀ..." ਬਿਸ਼ਨੀ ਨੇ ਚੁੰਨੀ ਨਾਲ ਅੱਖਾਂ ਪੂੰਝੀਆਂ।

"ਆਹੋ ਕੁੜੇ, ਮੈਂ ਤਾਂ ਅੱਖੀਂ ਦੇਖਿਆ ਸਾਰਾ ਕੁਸ਼..."

"ਤੇ ਹੋਰ? ਜਦੋਂ ਜੁਆਕ ਸਕੂਲ ਜਾਣ ਲੱਗ'ਗੇ ਤਾਂ ਕਹਿੰਦੇ ਵਿਹਲੇ ਕੀ ਕਰਦੇ ਓਂ? ਘਰੇ ਕਲੇਸ਼ ਅੱਡ ਰਹਿੰਦੈ... ਬਾਹਰ ਕਿਸੇ ਕੰਮਕਾਰ ਲੱਗੋਂਗੇ ਤਾਂ ਜੀ ਲੱਗੂ, ਨਾਲੇ ਚਾਰ ਡਾਲਰ ਆਉਣਗੇ"

"ਬਥੇਰਾ ਧੰਧ ਪਿੱਟਿਆ ਤੁਸੀਂ ਦੋਵਾਂ ਨੇ ਸਾਰੀ ਉਮਰ, ਜਿਹੜੇ ਚਾਰ ਸਿਆੜ ਸੀ ਇਹਨਾਂ ਨੂੰ ਸੈੱਟ ਕਰਨ 'ਚ ਗਵਾ ਲਏ" ਕਰਤਾਰੋ ਉਹਨਾਂ ਦੇ ਦਰਦ ਵਿਚ ਪੂਰੀ ਦੀ ਪੂਰੀ ਸ਼ਾਮਿਲ ਸੀ। ਉਹਦੀ ਆਵਾਜ਼ ਸੁਣ ਕੇ ਪੂਰਨ ਸਿੰਘ ਉੱਠ ਬੈਠਾ, "ਬਹੂ ਆਈ ਐ? ਚੰਗਾ ਚੰਗਾ... ਚਾਹ ਧਰ ਲਓ"

ਬਿਸ਼ਨੀ ਮੱਥੇ 'ਤੇ ਹੱਥ ਮਾਰਦੀ ਬੋਲੀ, "ਲੈ ਦੇਖ ਲੈ ਇਹਨੂੰ ਬਹੂ ਦੇ ਈ ਭੁਚੱਕੇ ਪੈਂਦੇ ਐ, ਕੀ ਬਣੂ ਸਾਡਾ? ਸੋਚਿਆ ਸੀ ਤੇਰਾ ਬਾਈ ਕਮਾਉਂਦਾ ਐ, ਪੈਨਸ਼ਨ ਐ, ਪਰ ਕੀ ਖ਼ਬਰ ਸੀ?"

ਅਚਾਨਕ ਕਰਤਾਰੋ ਦਾ ਫੋਨ ਵੱਜਿਆ, ਕੰਨ ਨੂੰ ਲਾਇਆ ਹੀ ਸੀ ਕਿ ਉਹਦੇ ਮੂੰਹੋਂ ਨਿਕਲਿਆ, "ਪੁੱਤ ਆਉਨੀ ਆਂ, ਗੁਰਦੁਆਰੇ ਮੱਥਾ ਟੇਕਣ ਆਈ ਸੀ" ਤੇ ਫੋਨ ਖੀਸੇ ਵਿਚ ਪਾਉਂਦੀ ਉਹ ਛੇਤੀ ਨਾਲ ਉਠਦੀ ਬੋਲੀ, "ਨੂੰਹ ਰਾਣੀ ਦਾ ਫ਼ੋਨ ਸੀ, ਕਹਿੰਦੀ ਘਰੇ ਕੰਮ ਐ, ਚੰਗਾ ਬਿਸ਼ਨੀਏ! ਫੇਰ ਆਊਂ..."

ੴ



# ਗੰਢੇ ਵੀ ਤੇ ਕੋਰੜੇ ਵੀ

ਪਾਰਕ ਵਿਚ ਆਪਣੇ ਗਵਾਂਢੀ ਨਿਰਮਲ ਸਿੰਘ ਨਾਲ ਬੈਠੇ ਉਜਾਗਰ ਸਿੰਘ ਨੇ ਆਪਣਾ ਦੁੱਖ ਫਰੋਲਦਿਆਂ ਕਿਹਾ, "ਘਰੇ ਤਾਂ ਸਾਰਾ ਦਿਨ ਜੁਆਕਾਂ ਨਾਲ ਬੱਸ ਹੋ ਜਾਂਦੀ ਐ, ਮਾਂ-ਪਿਓ ਦੇ ਜਾਂਦਿਆਂ ਈ ਸ਼ੈਤਾਨ ਰੂਪ ਧਾਰ ਲੈਂਦੇ ਐ, ਕਦੇ ਫਰਿਜ ਕਦੇ ਟੀਵੀ ਕੰਪਿਊਟਰ, ਹੋਰ ਚੀਜ਼ਾਂ ਦੀ ਵੀ ਸ਼ਾਮਤ ਆ ਜਾਂਦੀ ਐ, ਕਿਸੇ ਗਲੋਂ ਵਰਜੀਏ ਤਾਂ ਸੁਣਦੇ ਈ ਨਹੀਂ, ਜੇ ਬਾਂਹ ਫੜ ਕੇ ਰੋਕੀਏ ਤਾਂ ਉਚੀ ਉਚੀ ਬਾਂਦਰਾਂ ਅੰਗੂ ਚੀਕਦੇ ਐ, ਆਥਣ ਤੱਕ ਹੀਲਾਂ ਕਢਾ ਦਿੰਦੇ ਐ"

"ਮੇਰੀ ਮੰਨ! ਤੂੰ ਵੀ ਮੇਰੇ ਨਾਲ ਬੇਰੀਆਂ ਤੋੜਨ ਚੱਲਿਆ ਕਰ, ਸਵੇਰੇ ਤੜਕੇ ਘਰੋਂ ਨਿੱਕਲੇ ਤੇ ਸਾਰਾ ਦਿਨ ਉਥੇ ਈ ਕੱਢਿਆ, ਨਾ ਹੈ ਹੈ ਨਾ ਖੈ ਖੈ..."

ਸਲਾਹ ਉਜਾਗਰ ਨੂੰ ਵੀ ਚੰਗੀ ਲੱਗੀ, "ਕੋਈ ਨਹੀਂ, ਬਹੂ ਨਾਲ ਗੱਲ ਕਰੂੰਗਾ"

ਬੈਰੀ ਤੋੜਨ ਜਾਂਦਿਆਂ ਨੂੰ ਅਜੇ ਤਿੰਨ ਹੀ ਦਿਨ ਹੋਏ ਸਨ ਕਿ ਦੁਪਹਿਰ ਵੇਲੇ ਉਜਾਗਰ ਖੇਤ 'ਚ ਲੰਮਾ ਪੈ ਗਿਆ, ਇਕ ਦੋ ਸਾਥੀ ਅਤੇ ਨਿਰਮਲ ਕੋਲ ਆ ਗਏ, ਉਹਨਾਂ ਨੂੰ ਦੇਖਦਾ ਹੀ ਉਜਾਗਰ ਬੋਲਿਆ, "ਨਿਰਮਲਾ! ਖੇਤੀ ਦਾ ਕੰਮ ਛੱਡੇ ਨੂੰ ਵੀਹ ਵਰ੍ਹੇ ਹੋ'ਗੇ, ਸਸਤੇ ਕਾਮਿਆਂ ਨੇ ਆਦਤਾਂ ਵਗਾੜ'ਤੀਆਂ, ਲੱਕ ਐਨਾ ਦੁਖਦਾ ਬਈ ਰਾਤ ਨੂੰ ਨੀਂਦ ਨੀ ਆਉਂਦੀ, ਉਤੋਂ ਆਵਦੀ ਰੋਟੀ ਵੀ ਆਪ ਈ..."

ਇਕ ਹਮਦਰਦ ਸਾਥੀ ਨੇ ਸਲਾਹ ਦਿੱਤੀ, "ਯਾਰ! ਛੱਡ ਇਹ ਸਾਰੇ ਝਗੜੇ, ਤੂੰ ਸੀਨੀਅਰ ਸਿਟੀਜ਼ਨ ਹੋਮ ਚਲਾ ਜਾਇਆ ਕਰ, ਸਾਰਾ ਦਿਨ ਗੱਪਾਂ ਮਾਰੋ, ਅਖਬਾਰ ਪੜ੍ਹੋ, ਗੁਰਦੁਆਰਿਉਂ ਲੰਗਰ ਛਕੋ ਤੇ ਤਰਕਾਲਾਂ ਨੂੰ ਈ ਘਰ ਵੜੋ" ਬਾਕੀਆਂ ਨੇ ਵੀ ਸਹਿਮਤੀ ਪ੍ਰਗਟਾਈ।

"ਕਿਥੇ ਕਰਮਾਂ 'ਚ? ਬਹੂ ਨੇ ਬੇਰੀ ਤੋੜਨ ਦੀ ਗੱਲ ਏਸੇ ਸ਼ਰਤ 'ਤੇ ਮੰਨੀ ਸੀ ਕਿ ਬੱਚਿਆਂ ਦੇ ਡੇ-ਕੇਅਰ ਸੈਂਟਰ ਦਾ ਖਰਚਾ ਮੈਂ ਚੁਕੂੰਗਾ" ਉਜਾਗਰ ਪੱਗ ਦੇ ਲੜ ਨਾਲ ਅੱਖਾਂ ਪੂੰਝਦਾ ਬੋਲਿਆ।

# ਨਜ਼ਰੀਆ

ਪਿਛਲੇ ਸਾਲ ਦੇ ਅਚਾਨਕ ਆਏ ਹੜ੍ਹਾਂ ਵਿੱਚ ਰਾਮ ਖਿਲਾਵਨ ਦੇ ਪਰਿਵਾਰ ਦੇ ਔਰਤਾਂ-ਬੱਚੇ ਰੁੜ੍ਹ ਗਏ ਸਨ। ਉਹ ਤੇ ਉਹਦਾ ਪੁੱਤਰ ਰਾਮਦਿੱਤਾ ਦੋ ਟੀਨਾਂ ਦੀ ਇੱਕ ਝੌਂਪੜੀ ਜਿਹੀ ਬਣਾ ਕੇ ਗੁਜ਼ਾਰਾ ਕਰ ਰਹੇ ਸਨ। ਦਿਨੇ ਦਿਹਾੜੀ-ਦੱਪਾ ਕਰਕੇ ਜੀਵਨ ਨੂੰ ਫਿਰ ਤੋਰਨ ਦਾ ਉਪਰਾਲਾ ਕਰਦੇ। ਅੱਜ ਜਦੋਂ ਉਹ ਵਾਪਿਸ ਆਏ ਤਾਂ ਦੇਖ ਕੇ ਪਰੇਸ਼ਾਨ ਹੋ ਗਏ। ਉਹਨਾਂ ਦੀ ਝੌਂਪੜੀ ਦੀ ਅੱਧੀ ਛੱਤ ਹਨ੍ਹੇਰੀ ਨਾਲ ਉੱਡ ਗਈ ਸੀ। ਦੁੱਖ ਅਤੇ ਨਿਰਾਸ਼ਾ ਨਾਲ ਰਾਮਦਿੱਤਾ ਕੁਰਲਾ ਉੱਠਿਆ, "ਭਗਵਾਨ! ਅਭੀ ਤੁਮ੍ਹਾਰ ਦਿਲ ਨਾਹੀਂ ਭਰਾ? ਅਉਰ ਕਿਤਨੇ ਦੁਖ ਦੋਗੇ? ਬੜੀ ਮੁਸ਼ਕਲ ਸੇ ਸਿਰ ਢਕਨੇ ਕੇ ਲੀਏ ਯੇ ਝੌਂਪੜਾ ਬਨਾਇਆ ਥਾ..."

ਪਰ ਉਸਦੇ ਪਿਤਾ ਦੇ ਚਿਹਰੇ 'ਤੇ ਦੁੱਖ ਨਹੀਂ ਸੀ। ਉਹ ਬੱਸ ਚੁੱਪ-ਚਾਪ ਛੱਤ ਵੱਲ ਦੇਖ ਕੇ ਰੋਟੀ ਦੇ ਆਹਰੇ ਲੱਗਦਾ ਬੋਲਿਆ, "ਅਰੇ ਸ਼ੁਕਰ ਕਰ ਬਬੂਆ!... ਏਕ ਟੀਨ ਕੀ ਚਾਦਰ ਤੋ ਸਲਾਮਤ ਹੈ ਸਰ ਪੇ... ਯੇ ਭੀ ਉੜ ਜਾਤੀ ਤੋ ਕਿਆ ਕਰ ਲੇਤੇ?"

ੴ



# ਸੀਨੇ 'ਚ ਵਸਦੀ ਤੜਪ

ਕੈਨੇਡਾ ਆਏ ਆਪਣੇ ਮਾਂ-ਬਾਪ ਨੂੰ ਬੱਚਿਆਂ ਨਾਲ ਹੱਸਦੇ ਖੇਡਦੇ, ਬਾਤਾਂ ਪਾਉਂਦੇ ਦੇਖਦਾ ਤਾਂ ਜਰਨੈਲ਼ ਨੂੰ ਖ਼ੁਸ਼ੀ ਤੇ ਉਤਸ਼ਾਹ ਜਿਹਾ ਮਹਿਸੂਸ ਹੁੰਦਾ, ਪਰ ਧੁਰ ਅੰਦਰ ਆਪਣੇ ਬਚਪਨ ਨੂੰ ਯਾਦ ਕਰਕੇ ਟੀਸ ਵੀ ਉੱਠਦੀ। ਇਹੋ ਬੀਬੀ ਤੇ ਪਾਪਾ ਜੀ ਉਦੋਂ ਤਾਂ ਇਸ ਤਰ੍ਹਾਂ ਖ਼ੁਸ਼ ਨਹੀਂ ਰਹਿੰਦੇ ਸੀ, ਹਰ ਵੇਲੇ ਪੜ੍ਹਾਈ ਤੇ ਅਨੁਸ਼ਾਸ਼ਨ ਦੀ ਹੀ ਗੱਲ ਕਰਦੇ, ਛੋਟੀ ਛੋਟੀ ਗ਼ਲਤੀ 'ਤੇ ਖਿਝਦੇ ਤੇ ਕਦੇ ਕਦੇ ਤਾਂ... ਉਸ ਆਪਣੀ ਗੱਲ੍ਹ 'ਤੇ ਹੱਥ ਫੇਰਿਆ।

ਰਾਤ ਕਾਫੀ ਹੋ ਗਈ ਸੀ, ਬੱਚੇ ਸੌਂ ਗਏ ਸਨ, ਪਰ ਜਰਨੈਲ਼ ਨੂੰ ਨੀਂਦ ਨਹੀਂ ਸੀ ਆ ਰਹੀ। ਬੀਬੀ ਤੇ ਪਾਪਾ ਜੀ ਦੇ ਕਮਰੇ ਦੀ ਬੱਤੀ ਜਗਦੀ ਦੇਖ ਉਹਨਾਂ ਦੇ ਬੂਹੇ ਵੱਲ ਨੂੰ ਹੋ ਲਿਆ। ਦੇਖਦਿਆਂ ਹੀ ਪਾਪਾ ਜੀ ਬੋਲੇ, "ਜਰਨੈਲ! ਆ ਜਾ ਪੁੱਤ... ਲੰਘ ਆ..."

ਝਕਦਾ ਜਿਹਾ ਜਰਨੈਲ ਅੰਦਰ ਆ ਗਿਆ, "ਤੁਸੀਂ ਅਜੇ ਸੁੱਤੇ ਨਹੀਂ... ਠੀਕ ਤਾਂ ਹੋ?"

"ਆਹ ਤੇਰੀ ਬੀਬੀ ਦਾ ਗੋਡਾ ਦੁਖਦਾ ਸੀ, ਤੇਰੇ ਵਾਲੀ ਦਵਾਈ ਦੇ ਕੇ ਹਟਿਆਂ"

"ਕੋਈ ਸੇਕ ਸੂਕ ਦਾ ਆਹਰ ਕਰਾਂ...?"

"ਨਹੀਂ ਨਹੀਂ... ਉਹਦੀ ਨੀ ਲੋੜ... ਤੇ ਤੂੰ ਵੀ ਨਹੀਂ ਸੁੱਤਾ ਅਜੇ... ਆ ਜਾ ਬਹਿ ਜਾ..."

ਗੱਲਾਂ ਚੱਲ ਪਈਆਂ, ਪਿੰਡ ਦੀਆਂ, ਬਚਪਨ ਦੀਆਂ... ਤੇ ਫਿਰ ਜਰਨੈਲ ਨੇ ਹੌਲੀ ਜਿਹੀ ਆਪਣਾ ਸਵਾਲ ਉਹਨਾਂ ਮੂਹਰੇ ਰੱਖ ਦਿੱਤਾ, "ਮੈਨੂੰ ਤਾਂ ਚੇਤਾ ਈ ਨੀ ਕਦੇ ਮੈਂ ਤੁਹਾਨੂੰ ਏਨਾ ਖ਼ੁਸ਼ ਦੇਖਿਆ ਹੋਵੇ ਜਾਂ ਮੈਨੂੰ ਕਿਸੇ ਗ਼ਲਤੀ 'ਤੇ ਡਾਂਟ ਨਾ ਪਈ ਹੋਵੇ, ਹਰ ਵੇਲੇ ਟੈਂਸ਼ਨ ਜਿਹਾ ਈ ਰਹਿੰਦਾ ਸੀ ਘਰ 'ਚ"

ਦੋਵੇਂ ਇਕ ਦੂਜੇ ਵੱਲ ਦੇਖਦੇ ਗੰਭੀਰ ਜਿਹੇ ਹੋ ਗਏ ਤੇ ਫਿਰ ਪਾਪਾ ਜੀ ਨੇ ਚੁੱਪ ਤੋੜੀ, "ਸ਼ਾਇਦ ਤੂੰ ਠੀਕ ਕਹਿੰਨੈ... ਆਪਣੀਆਂ ਜ਼ਿੰਮੇਵਾਰੀਆਂ ਤੇ ਤਨਾਅ ਭਰੀ ਜ਼ਿੰਦਗੀ ਵਿੱਚ ਪਤਾ ਈ ਨੀ ਲੱਗਾ ਤੂੰ ਕਦੋਂ ਵੱਡਾ ਹੋ ਗਿਆ, ਤੇਰਾ ਬਚਪਨ ਤੇ ਭੋਲਾਪਨ ਨਾ ਅਸੀਂ ਮਾਣ ਸਕੇ ਨਾ ਤੂੰ, ਜਿਵੇਂ ਹੁਣ ਤੁਸੀਂ ਦੋਵੇਂ ਜੀਅ ਆਪਣੇ ਬੱਚਿਆਂ ਨੂੰ ਸਮਾਂ ਨਹੀਂ ਦੇ ਸਕ ਰਹੇ, ਤੇਰੇ ਦਿਮਾਗ 'ਚ ਇਹ ਸਵਾਲ ਉੱਠਿਆ ਹੈ, ਦੇਖੀਂ! ਕੱਲ੍ਹ ਤੇਰਾ ਪੁੱਤ ਵੀ ਤੈਥੋਂ ਇਹੋ ਸਵਾਲ ਨਾ ਪੁੱਛ ਲਵੇ"

# ਖ਼ੁਦਗਰਜ਼ੀਆਂ ਦੀ ਸਿਖ਼ਰ ਤੋਂ

ਸ਼ਿੰਗਾਰਾ ਸਿੰਘ ਦੀ ਅੱਖ ਖੁੱਲ੍ਹੀ ਤਾਂ ਧੁੱਪਾਂ ਚੜ੍ਹ ਆਈਆਂ ਸਨ। ਘਰ 'ਚੋਂ ਕਿਸੇ ਪਾਸਿਉਂ ਕੋਈ ਆਵਾਜ਼ ਨਹੀਂ ਆ ਰਹੀ ਸੀ, ਸਿਰਫ ਪੱਖੇ ਦੀ ਗੂੰਜ ਸੀ।

"ਕਿੱਧਰ ਮਰ'ਗੀ ਸਵੇਰੇ ਸਵੇਰੇ?" ਸੋਚਦੇ ਨੇ ਉਹਨੇ ਗਾਲ ਕੱਢੀ, ਫਿਰ ਜ਼ੋਰ ਨਾਲ ਚੀਕਿਆ, "ਦਲਜੀਤ! ਓ ਦਲਜੀਤ... ਕੰਨਾਂ 'ਚ ਰੂੰ ਦਿੱਤੀ ਐ?" ਕੋਈ ਜਵਾਬ ਨਾ ਸੁਣ ਕੇ ਉੱਠ ਕੇ ਰਸੋਈ ਤੇ ਬਾਕੀ ਕਮਰਿਆਂ ਵਿੱਚ ਦੇਖਿਆ, ਫਿਰ ਬਾਹਰ ਵਰਾਂਡੇ ਤੇ ਲਾਅਨ ਵਿੱਚ ਦੇਖਿਆ। ਗੁਆਂਢੀ ਸੋਮਨਾਥ ਦੀ ਪਤਨੀ ਸਰੋਜ ਆਪਣੇ ਬਰਾਂਡੇ ਵਿੱਚ ਝਾੜੂ ਲਾ ਰਹੀ ਸੀ। ਕੰਧ ਕੋਲ ਜਾ ਕੇ ਪੁੱਛਿਆ, "ਭੈਣ ਜੀ! ਮੇਰੇ ਘਰੋਂ ਦਲਜੀਤ ਅੱਜ ਸਵੇਰੇ ਦੇਖੀ ਕਿਤੇ? ਦਿਸਦੀ ਨਹੀਂ ਘਰੇ..."

ਸਰੋਜ ਕਾਹਲੀ ਨਾਲ ਨੇੜੇ ਆ ਕੇ ਬੋਲੀ, "ਨਹੀਂ ਭਰਾ ਜੀ! ਮੈਂ ਤਾਂ ਨਹੀਂ ਦੇਖੀ, ਕੱਲ੍ਹ ਸ਼ਾਮੀਂ ਮਿਲੀ ਸੀ, ਕਾਫੀ ਦੇਰ ਉਦਾਸ ਜਹੀਆਂ ਗੱਲਾਂ ਕਰਦੀ ਰਹੀ, ਸ਼ੈਦ ਤੁਹਾਡਾ ਆਪਸ ਵਿੱਚ ਕੋਈ ਝਗੜਾ ਹੋਇਆ ਹੋਵੇ..."

"ਨਹੀਂ ਭੈਣ ਜੀ! ਏਹੋ ਜਿਹੀ ਤਾਂ ਕੋਈ ਗੱਲ ਨਹੀਂ, ਉਹਦਾ ਭਰਾ ਆਇਆ ਸੀ ਪਰਸੋਂ ਦਲਜੀਤ ਨੂੰ ਲੈਣ, ਕਹਿੰਦਾ ਮਾਂ ਬੀਮਾਰ ਐ, ਮੈਂ ਕਿਹਾ ਪਿੱਛੇ ਮੇਰਾ ਜ਼ਰਾ ਮੁਸ਼ਕਿਲ ਹੋ ਜੂ..."

"ਉਹ ਤਾਂ ਕਾਫੀ ਪਰੇਸ਼ਾਨ ਸੀ... ਰੋਈ ਜਾਂਦੀ ਸੀ... ਅਖੇ ਤੀਹ ਸਾਲਾਂ ਤੋਂ ਏਸ ਘਰ 'ਚ ਹਾਂ... ਜਿਵੇਂ ਕੋਈ ਚੀਜ-ਵਸਤ ਹੋਵਾਂ... ਲੋੜ ਹੈ ਤਾਂ ਵਰਤ ਲਵੋ... ਨਹੀਂ ਤਾਂ ਬੱਸ... ਕਦੇ ਦੁਖ-ਸੁਖ ਨਹੀਂ ਕਰਦੇ... ਚੌਵੀ ਘੰਟੇ ਬੱਸ ਆਵਦੇ ਆਸ-ਪਾਸ ਫਿਰਦੀ ਦੇਖਣਾ ਚਾਹੁੰਦੇ ਨੇ... ਜ਼ਰਾ ਜਿੰਨੀ ਗ਼ਲਤੀ ਜਾਂ ਦੇਰ ਹੋਣ 'ਤੇ ਧੌਲ-ਧੱਫਾ ਵੀ ਕਰ ਦਿੰਦੇ ਨੇ... ਗਾਲਾਂ ਦੀ ਤਾਂ ਹੁਣ ਮੈਨੂੰ ਆਦਤ ਜਿਹੀ ਪੈ ਗਈ ਐ... ਨੂੰਹ-ਪੁੱਤ ਵੀ ਏਹਨਾਂ ਦੇ ਗੁੱਸੇ ਤੇ ਵਧੀਕੀਆਂ ਕਰ ਕੇ ਘਰ ਛੱਡ'ਗੇ... ਹੁਣ ਮੈਂ ਵੀ..." ਸਰੋਜ ਇਕੋ-ਸਾਹੇ ਬੋਲੀ ਜਾ ਰਹੀ ਸੀ।

"ਨੂੰਹ ਨੂੰ ਕੁਸ਼ ਜ਼ਿਆਦਾ ਈ ਸਿਰ ਚੜ੍ਹਾ ਰੱਖਿਆ ਸੀ... ਮਾਂ-ਪੁੱਤ ਬੱਸ ਮੇਰਾ ਈ ਕਸੂਰ ਕੱਢਦੇ ਐ..."



"ਰਹਿਣ ਦਿਓ ਭਰਾ ਜੀ!" ਸਰੋਜ ਗੱਲ ਕੱਟਦੀ ਹੋਈ ਬੋਲੀ, "ਤੁਹਾਨੂੰ ਤਾਂ ਸਾਰੇ ਈ ਗ਼ਲਤ ਲੱਗਦੇ ਹੋਣਗੇ... ਦਲਜੀਤ ਤਾਂ ਰੋਂਦੀ ਚੁੱਪ ਨਾ ਕਰੇ... ਕਹਿੰਦੀ ਮੇਰਾ ਤਾਂ ਦਿਲ ਟੁੱਟ ਚੁੱਕੈ... ਆਸ ਮੁੱਕ ਗਈ ਐ... ਇਹ ਨਹੀਂ ਸੁਧਰ ਸਕਦੇ... ਖਬਰੈ ਰੱਬ ਏਨੇ ਖ਼ੁਦਗਰਜ਼... ਚਿੜਚਿੜੇ... ਤੇ ਜਾਨਵਰਾਂ ਤੋਂ ਵੀ ਭੈੜੇ ਬੰਦੇ ਕਿਉਂ ਬਣਾ ਦਿੰਦੈ?..."

ਸਹੇਲੀ ਦੀ ਪੀੜ ਵਿਚ ਭਿੱਜੀ ਸਰੋਜ ਲਗਾਤਾਰ ਬੋਲੀ ਜਾ ਰਹੀ ਸੀ।

"ਉਹ ਤਾਂ ਜਿਹੋ ਜਿਹੀ ਹੈ, ਹੈ ਈ, ਤੁਸੀਂ ਤਾਂ ਮੂੰਹ ਸੰਭਾਲ ਕੇ ਬੋਲੋ ਭੈਣ ਜੀ" ਕਹਿੰਦਾ ਸ਼ਿੰਗਾਰਾ ਸਿੰਘ ਬੁੜ-ਬੁੜ ਕਰਦਾ ਅੰਦਰ ਵੱਲ ਮੁੜ ਗਿਆ।

ੴ

## ਮੁੱਕਦੇ ਸ਼ਬਦਾਂ ਦੀ ਗਾਥਾ

ਪੋਤੇ-ਪੋਤੀ ਨੂੰ ਸਕੂਲ ਛੱਡਣ ਆਏ ਮਾਸਟਰ ਰੇਸ਼ਮ ਸਿੰਘ ਨਾਲ ਅਕਸਰ ਮੁਲਾਕਾਤ ਹੋ ਜਾਂਦੀ। ਡਾਢਾ ਮਿੱਠਾ ਸੁਭਾਅ, ਮਿਲਾਪੜੇ ਜਿਹੇ, ਬੱਚਿਆਂ ਕੋਲ ਆ ਕੇ ਬੜੇ ਖ਼ੁਸ਼, ਨੂੰਹ-ਪੁੱਤ ਚੰਗੇ ਕੰਮਾਂ ਉੱਤੇ ਲੱਗੇ ਹੋਏ।

ਤਿੰਨ ਕੁ ਸਾਲ ਬਾਅਦ ਸਾਡਾ ਫਿਰ ਬੇਟੀ ਕੋਲ 'ਸਰੀ' ਜਾਣਾ ਹੋਇਆ ਤਾਂ ਮਾਸਟਰ ਜੀ ਕਿਤੇ ਵੀ ਨਾ ਦਿਸੇ। ਇਕ ਦਿਨ ਅਚਾਨਕ ਉਹ ਪਾਰਕ ਵਿਚ ਆਪਣੀ ਪਤਨੀ ਬਲਪ੍ਰੀਤ ਨਾਲ ਬੈਠੇ ਮਿਲ ਹੀ ਗਏ। ਜੱਫੀ ਪਾਉਂਦੇ ਉਹ ਬੋਲੇ, "ਬੜੇ ਚਿਰੀਂ ਗੇੜਾ ਵੱਜਿਆ..." ਉਹਨਾਂ ਦੀ ਫਿੱਕੀ ਜਿਹੀ ਮੁਸਕਾਨ ਤੇ ਕਮਜ਼ੋਰ ਹੋਇਆ ਸਰੀਰ ਦੱਸ ਰਿਹਾ ਸੀ ਕਿ ਸਭ ਕੁਝ ਠੀਕ ਨਹੀਂ ਸੀ।

ਬਲਪ੍ਰੀਤ ਨੇ ਦੱਸਿਆ ਕਿ ਸਾਲ ਕੁ ਤੋਂ ਮਾਸਟਰ ਜੀ ਕਾਫੀ ਢਿੱਲੇ ਰਹਿੰਦੇ ਨੇ, ਕੰਨਾਂ 'ਚ ਸ਼ਾਂਅ ਸ਼ਾਂਅ ਦੀ ਆਵਾਜ਼ ਤੰਗ ਕਰਦੀ ਐ, ਸੁਣਦਾ ਵੀ ਬਹੁਤ ਘੱਟ ਐ।

"ਸੁਣਿਐ ਏਥੇ ਤਾਂ ਇਲਾਜ ਬੜਾ ਵਧੀਆ... ਦਿਖਾਇਆ ਨਹੀਂ ਕਿਤੇ?" ਮੈਂ ਉਹਨਾਂ ਦਾ ਪੂਰਾ ਹਾਲ-ਹਵਾਲ ਜਾਣਨ ਲਈ ਪੁੱਛਿਆ।

"ਫੈਮਿਲੀ ਡਾਕਟਰ ਦੇ ਇਲਾਜ ਨਾਲ ਆਰਾਮ ਨਹੀਂ ਆ ਰਿਹਾ, ਉਤੋਂ ਦਵਾਈਆਂ ਖਾ ਖਾ ਭੁੱਖ ਮਰ ਗਈ ਐ, ਅਖੀਰ ਉਹਨੇ ਸਪੈਸ਼ਲਿਸਟ ਕੋਲ ਰੈਫਰ ਕਰ'ਤਾ, ਪਰ ਬੇਟਾ ਜਾਂ ਨੂੰਹ ਕੋਈ ਵੀ ਵੈਨਕੂਵਰ ਲੈ ਕੇ ਨਹੀਂ ਗਿਆ"

"ਕਿਉਂ...?"

"ਕਹਿੰਦੇ ਛੁੱਟੀ ਨਹੀਂ ਮਿਲਦੀ, ਜ਼ਿਆਦਾ ਕੁਸ਼ ਕਹੀਏ ਤਾਂ ਜਵਾਬ ਮਿਲਦੈ ਕਿ ਬੁਢਾਪੇ 'ਚ ਮਾੜੀਆਂ-ਮੋਟੀਆਂ ਤਕਲੀਫਾਂ ਤਾਂ ਚਲਦੀਆਂ ਈ ਰਹਿੰਦੀਐਂ, ਅਸੀਂ ਕਿੱਥੇ ਲਈ ਫਿਰੀਏ?" ਬਲਪ੍ਰੀਤ ਦਾ ਗੱਚ ਭਰ ਆਇਆ।

ਮੈਨੂੰ ਕਹਿਣ ਲਈ ਕੁਝ ਨਹੀਂ ਔੜ ਰਿਹਾ ਸੀ ਕਿ ਉਹ ਹੀ ਫੇਰ ਬੋਲੀ, "ਪਿਛਲੀਆਂ ਸਰਦੀਆਂ 'ਚ ਬੇਸਮੈਂਟ ਦੇ ਛੋਟੇ ਜਿਹੇ ਕਮਰੇ 'ਚ ਸਮਾਂ ਜੇਲ੍ਹ ਵਾਂਗੂੰ ਬਿਤਾਇਆ, ਪੋਤੇ-ਪੋਤੀ ਨੂੰ ਉਤਲੇ ਕਮਰੇ ਦੀ ਲੋੜ ਸੀ, ਹੁਣ ਤਾਂ ਉਹ ਵੀ ਨੇੜੇ ਨਹੀਂ ਲੱਗਦੇ, ਉਹਨਾਂ ਦੇ ਮਾਂ-ਪਿਓ ਕੋਲ ਤਾਂ ਪਹਿਲਾਂ ਈ ਟੈਮ ਨਹੀਂ ਸੀ"



"ਤੁਸੀਂ ਇੰਡੀਆ ਵਾਪਿਸ ਚਲੇ ਜਾਣਾ ਸੀ, ਆਵਦੇ ਘਰ..." ਮੈਨੂੰ ਏਹੋ ਹੱਲ ਸੁੱਝਿਆ।

"ਕਿਹਦੇ ਕੋਲ ਲੈ ਕੇ ਜਾਵਾਂ? ਉਥੇ ਕਿਹੜਾ ਐ ਜਿਹੜਾ ਸਾਨੂੰ ਦੋਹਾਂ ਨੂੰ ਸਾਂਭੂ?..."

ਬਲਪ੍ਰੀਤ ਅਚਾਨਕ ਚੁੱਪ ਹੋ ਗਈ, ਜਿਵੇਂ ਸਾਰੇ ਸ਼ਬਦ ਮੁੱਕ ਗਏ ਹੋਣ। ਸ਼ਬਦ ਤਾਂ ਮੇਰੇ ਵੀ ਮੁੱਕ ਗਏ ਸਨ।

ੴ

## ਗ਼ੈਰ-ਹਾਜ਼ਿਰ ਸੰਵੇਦਨਾ

ਰਾਤ ਅੱਧੀਉਂ ਵੱਧ ਬੀਤ ਚੁਕੀ ਸੀ ਜਦੋਂ ਰਾਜਿੰਦਰ ਨੂੰ ਕਿਸੇ ਦੋਸਤ ਦਾ ਫੋਨ ਆਇਆ ਕਿ ਉਹਦੇ ਮਹੱਲੇ ਵਿਚ ਬੜੀ ਭਿਆਨਕ ਅੱਗ ਲੱਗੀ ਹੋਈ ਐ। ਉਹ ਕਲ੍ਹ ਹੀ ਲਾਗਲੇ ਸ਼ਹਿਰ ਕਾਰੋਬਾਰ ਦੇ ਸਿਲਸਿਲੇ ਵਿਚ ਆਇਆ ਸੀ ਤੇ ਏਥੇ ਹੀ ਰਹਿ ਪਿਆ ਸੀ। ਦਿਨ ਚੜ੍ਹਦਿਆਂ ਸਾਰ ਉਹ ਤਾਬੜਤੋੜ ਵਾਪਿਸ ਪਹੁੰਚਿਆ ਤਾਂ ਦੇਖਿਆ ਕਿ ਉਹਦਾ ਘਰ ਤੇ ਆਸ-ਪਾਸ ਦੇ ਤਿੰਨ ਘਰ ਬਿਲਕੁਲ ਸੜ ਚੁਕੇ ਸਨ। ਬੀਵੀ ਬੱਚਿਆਂ ਤੇ ਮਾਂ ਬਾਰੇ ਕੋਈ ਪਤਾ ਨਾ ਲੱਗਿਆ ਤਾਂ ਉਹ ਹਸਪਤਾਲ ਪਹੁੰਚ ਗਿਆ। ਬੜੀ ਮੁਸ਼ਕਿਲ ਨਾਲ ਉਹਨੇ ਲਾਸ਼ਾਂ ਵਿਚੋਂ ਆਪਣੇ ਘਰਦਿਆਂ ਦੀ ਨਿਸ਼ਾਨਦੇਹੀ ਕੀਤੀ। ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਦਾ ਸਮੂਹਿਕ ਸਸਕਾਰ ਕਰ ਦਿੱਤਾ ਗਿਆ।

ਰਾਜਿੰਦਰ ਉਸੇ ਦੋਸਤ ਦੇ ਘਰ ਚਲਿਆ ਗਿਆ। ਭਰੀ ਦੁਨੀਆਂ ਵਿਚ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਿਆਂ ਉਸਦਾ ਦਿਮਾਗ ਸੁੰਨ ਜਿਹਾ ਹੋ ਗਿਆ ਸੀ। ਪੁਛਦੇ ਪੁਛਾਉਂਦੇ ਪੱਤਰਕਾਰਾਂ ਦੀ ਟੋਲੀ ਉਸ ਕੋਲ ਉਪੜ ਗਈ। ਉਹਨਾਂ ਨਾਲ ਗੱਲਾਂ ਕਰਦਿਆਂ ਉਹਨੂੰ ਦੋ ਤਿੰਨ ਵਾਰ ਪਾਣੀ ਦੇ ਛਿੱਟੇ ਮਾਰ ਕੇ ਹੋਸ਼ ਵਿਚ ਲਿਆਉਣਾ ਪਿਆ। ਦੋ ਦਿਨ ਇੰਝ ਹੀ ਲੰਘੇ, ਫਿਰ ਪੁਲਸ ਵਾਲੇ ਉਹਨੂੰ ਲੱਭ ਕੇ ਐਸ. ਡੀ. ਐਮ. ਦੀ ਜਾਂਚ ਵਾਸਤੇ ਲੈ ਗਏ, ਉਥੇ ਵੀ ਸਵਾਲਾਂ ਨੇ ਉਹਨੂੰ ਤਸੱਲੀ ਦੇਣ ਦੀ ਥਾਂ ਹੋਰ ਦੁਖੀ ਕਰ ਦਿੱਤਾ। ਸਾਰੀ ਰਾਤ ਉਹ ਸੌਂ ਨਾ ਸਕਿਆ ਤੇ ਚੁਪਚਾਪ ਬੈਠਾ ਆਪਣਿਆਂ ਨੂੰ ਯਾਦ ਕਰ ਕਰ ਰੋਂਦਾ ਰਿਹਾ।

ਚੌਥੇ ਦਿਨ ਡੀ. ਸੀ. ਦਫਤਰ ਦਾ ਚਪੜਾਸੀ ਆ ਗਿਆ ਤੇ ਇਕ ਲਿਫਾਫਾ ਫੜਾਉਂਦਾ ਬੋਲਿਆ, "ਸਰਕਾਰ ਦੇ ਹੁਕਮਾਂ ਅਨੁਸਾਰ ਮਿਰਤਕਾਂ ਦੇ ਪਰਿਵਾਰਾਂ ਨੂੰ ਇਕ ਇਕ ਲੱਖ ਪ੍ਰਤੀ ਮਿਰਤਕ ਮੁਆਵਜ਼ਾ ਦਿੱਤਾ ਜਾ ਰਿਹੈ, ਆਹ ਚਿੱਠੀ ਲਓ, ਦੋ ਤਿੰਨ ਦਿਨਾਂ ਵਿਚ ਆਪਣੇ ਤੇ ਪਰਿਵਾਰ ਦੇ ਪਛਾਣ-ਪੱਤਰ ਅਧਾਰ ਕਾਰਡ, ਰਾਸ਼ਨ ਕਾਰਡ, ਪੋਸਟਮਾਰਟਮ ਰਿਪੋਰਟਾਂ ਤੇ ਫੋਟੋਆਂ ਲੈ ਕੇ ਡੀ. ਸੀ. ਸਾਹਿਬ ਦੇ ਦਫਤਰ ਪਹੁੰਚੋ" ਆਪਣਾ ਰੋਣ ਰੋਕਣ ਦੀ ਭਰਪੂਰ ਕੋਸ਼ਿਸ਼ ਕਰਦਾ ਉਹ ਮਸਾਂ ਹੀ ਬੋਲਿਆ, "ਹੁਣ ਇਹ ਸਾਰਾ ਕੁਸ਼ ਮੈਂ ਕਿਥੋਂ ਲਿਆਊਂ ?"

"ਆਹ ਚਿੱਠੀ ਦੀ ਰਸੀਦ 'ਤੇ ਦਸਖ਼ਤ ਕਰ ਦਿਓ" ਚਪੜਾਸੀ ਨੇ ਉਹਦੇ ਦੁਖੀ ਬੋਲਾਂ ਨੂੰ ਅਣਸੁਣਾ ਕਰਦਿਆਂ ਇਕ ਕਾਗ਼ਜ਼ ਉਸ ਵੱਲ ਵਧਾ ਦਿੱਤਾ।



## ਆਪਣੀ ਮਾਂ-ਬੋਲੀ

ਹਰਮੇਸ਼ ਅਤੇ ਡੌਨੀ ਨਾ ਸਿਰਫ ਗੁਆਂਢੀ ਸਨ ਸਗੋਂ ਹਮ-ਜਮਾਤੀ ਵੀ ਸਨ ਤੇ ਦੋਵੇਂ ਹੀ ਪੜ੍ਹਾਈ ਵਿਚ ਹੁਸ਼ਿਆਰ। ਇਸ ਸਾਲ ਦੀ ਬਹੁ-ਭਾਸ਼ੀ ਵਾਦ-ਵਿਵਾਦ ਪ੍ਰਤੀਯੋਗਤਾ ਵਿਚ ਪਰਿਵਾਰ ਵਲੋਂ ਮਿਲੀ ਹੱਲਾਸ਼ੇਰੀ ਅਤੇ ਸਹਾਇਤਾ ਕਰਕੇ ਦੋਵੇਂ ਜ਼ਿਲ੍ਹਾ ਪੱਧਰ ਦੇ ਆਖਿਰੀ ਗੇੜ ਵਿਚ ਪਹੁੰਚ ਗਏ। ਹਰਮੇਸ਼ ਦੀ ਮਾਂ ਪੰਜਾਬੀ ਸੱਭਿਆਚਾਰ ਤੇ ਮਾਂ-ਬੋਲੀ ਨਾਲ ਜੁੜੀ ਸੂਝਵਾਨ ਸੁਆਣੀ ਸੀ ਤੇ ਉਹਨੇ ਆਪਣੇ ਪੁੱਤਰ ਨੂੰ ਪੰਜਾਬੀ-ਵਿਸ਼ੇ 'ਤੇ ਹੀ ਬੋਲਣ ਲਈ ਕਿਹਾ ਸੀ, ਜਦੋਂ ਕਿ ਡੌਨੀ ਦੀ ਮਾਂ ਆਪਣੇ-ਆਪ ਨੂੰ ਨਵੇਂ ਜ਼ਮਾਨੇ ਦੀ ਅਗਾਂਹਵਧੂ ਔਰਤ ਸਮਝਦੀ ਹੋਈ ਅੰਗਰੇਜ਼ੀ ਨੂੰ ਤਰਜੀਹ ਦਿੰਦੀ ਸੀ ਤੇ ਡੌਨੀ ਨੇ ਆਪਣੀ ਮਾਂ ਦੀ ਸਹਾਇਤਾ ਨਾਲ ਅੰਗਰੇਜ਼ੀ ਵਿਸ਼ੇ ਵਾਲੇ ਲੇਖ ਨੂੰ ਰਟ ਲਿਆ ਸੀ। ਹੁਣ ਦੋਵਾਂ ਪਰਿਵਾਰਾਂ ਦਾ ਵੱਕਾਰ ਦਾਅ 'ਤੇ ਲੱਗਾ ਸੀ।

ਆਖਰੀ ਗੇੜ ਵਾਸਤੇ ਦੋਵੇਂ ਮਾਵਾਂ ਆਪਣੇ ਪੁੱਤਰਾਂ ਨਾਲ ਲਾਗਲੇ ਸ਼ਹਿਰ ਬਠਿੰਡਾ ਪਹੁੰਚ ਗਈਆਂ। ਦੋਵਾਂ ਮੁੰਡਿਆਂ ਦਾ ਉਤਸ਼ਾਹ ਤੇ ਪੇਸ਼ਕਾਰੀ ਦੇਖਣ ਵਾਲੀ ਸੀ, ਪਰ ਪਹਿਲੇ ਸਥਾਨ ਵਾਸਤੇ ਦੋਵਾਂ ਦੇ ਇਕੋ ਜਿੰਨੇ ਨੰਬਰ ਆ ਗਏ। ਜੱਜਾਂ ਨੇ ਫ਼ੈਸਲਾ ਲਿਆ ਕਿ ਦੋਹਾਂ ਨੂੰ ਉਹਨਾਂ ਦੇ ਵਿਸ਼ੇ ਸਬੰਧੀ ਤਿੰਨ ਤਿੰਨ ਸਵਾਲ ਪੁੱਛੇ ਜਾਣ, ਜਿਹੜਾ ਤਸੱਲੀਬਖ਼ਸ਼ ਜਵਾਬ ਦੇਵੇਗਾ, ਉਹ ਪਹਿਲੇ ਸਥਾਨ ਉਤੇ ਹੋਵੇਗਾ। ਪਹਿਲਾ ਸਵਾਲ ਅੰਗਰੇਜ਼ੀ ਵਿਚ ਡੌਨੀ ਨੂੰ ਪੁਛਿਆ ਗਿਆ, ਉਹਨੇ ਅਟਕਦੇ ਅਟਕਦੇ ਜਵਾਬ ਤਾਂ ਦੇ ਦਿੱਤਾ ਪਰ ਉਹ ਬਹੁਤਾ ਤਸੱਲੀ ਬਖ਼ਸ਼ ਨਹੀਂ ਸੀ। ਦੂਜਾ ਸਵਾਲ ਆਉਂਦੇ ਹੀ ਉਹਦਾ ਸਵੈ-ਵਿਸ਼ਵਾਸ਼ ਸਾਥ ਛੱਡ ਗਿਆ ਤੇ ਉਹ ਦਰਸ਼ਕਾਂ ਵਿਚ ਬੈਠੀ ਮਾਂ ਵੱਲ ਦੇਖਦਾ ਹਕਲਾਉਂਦਾ ਜਿਹਾ ਬੋਲਿਆ, "ਜਵਾਬ ਤਾਂ ਆਉਂਦੈ, ਪਰ ਕੀ ਮੈਂ ਪੰਜਾਬੀ ਵਿਚ ਜਵਾਬ ਦੇ ਸਕਦਾਂ ?"

"ਨਹੀਂ, ਤੁਹਾਡਾ ਵਿਸ਼ਾ ਇੰਗਲਿਸ਼ ਹੈ, ਇੰਗਲਿਸ਼ ਵਿਚ ਹੀ ਜਵਾਬ ਦਿਓ"

ਹਰਮੇਸ਼ ਨੇ ਪੰਜਾਬੀ ਵਿਚ ਪੁੱਛੇ ਗਏ ਸਵਾਲਾਂ ਦੇ ਬੇਹੱਦ ਤਸੱਲੀਬਖ਼ਸ਼ ਜਵਾਬ ਦਿੱਤੇ ਤੇ ਉਹਨੂੰ ਜੇਤੂ ਕਰਾਰ ਕਰ ਦਿੱਤਾ ਗਿਆ। ਡੌਨੀ ਨੂੰ ਆਪਣੀ ਮਾਂ ਉਤੇ ਬਹੁਤ ਗੁੱਸਾ ਚੜ੍ਹਿਆ ਤੇ ਉਹ ਉਸ ਨੂੰ ਬਿਨਾਂ ਬੁਲਾਏ ਦੂਜਾ ਇਨਾਮ ਲੈ ਕੇ ਹਾਲ ਵਿਚੋਂ ਬਾਹਰ ਨਿਕਲ ਗਿਆ।

# ਦਿਸ਼ਾਹੀਣ

ਪੁਲੀਸ ਦੇ ਛੱਡ ਕੇ ਜਾਣ ਤੋਂ ਬਾਅਦ ਪੋਤਰੇ ਅਰਸ਼ਦੀਪ ਨੂੰ ਬਿਸਤਰੇ ਉੱਤੇ ਪਾ ਕੇ ਹੋਈ-ਬੀਤੀ ਬਾਰੇ ਪੁੱਛਿਆ ਤਾਂ ਉਹਨੇ ਕੋਈ ਜਵਾਬ ਨਹੀਂ ਦਿੱਤਾ। ਨਿਮੋਝੂਣੇ ਹੋਏ ਨੂੰਹ ਕੁਲਦੀਪ ਤੇ ਪੁੱਤਰ ਬਲਤੇਜ ਆਪਣੇ ਕਮਰੇ ਵਿਚ ਚਲੇ ਗਏ। ਰਾਤ ਦਾ ਇਕ ਵੱਜ ਗਿਆ ਸੀ ਪਰ ਸੁਖਚੈਨ ਨੂੰ ਨਰਮ ਗੱਦੇ ਵਾਲੇ ਬਿਸਤਰੇ ਉੱਤੇ ਵੀ ਨੀਂਦ ਨਹੀਂ ਸੀ ਆ ਰਹੀ।

ਜਦੋਂ ਉਹ ਕੈਨੇਡਾ ਪਹੁੰਚਿਆ ਸੀ ਤਾਂ ਵੱਡਾ ਸਾਰਾ ਘਰ, ਦੋ ਲਿਸ਼ਕਦੀਆਂ ਕਾਰਾਂ, ਘਰ ਵਿਚ ਬੇਹਤਰੀਨ ਕਿਸਮ ਦਾ ਫਰਨੀਚਰ, ਟੀ.ਵੀ. ਤੇ ਹੋਰ ਉਪਕਰਣ ਦੇਖ ਕੇ ਕਿੰਨਾ ਖ਼ੁਸ਼ ਹੋਇਆ ਸੀ। ਉਹਨੂੰ ਲੱਗਿਆ ਸੀ ਕਿ ਪੁੱਤਰ ਨੂੰ ਕੈਨੇਡਾ ਭੇਜ ਕੇ ਉਹਨੇ ਕੋਈ ਗ਼ਲਤੀ ਨਹੀਂ ਕੀਤੀ। ਭਾਵੇਂ ਬਲਤੇਜ ਟਰੱਕ ਚਲਾਉਂਦਾ ਸੀ ਤੇ ਕੁਲਦੀਪ ਫੈਕਟਰੀ ਵਿਚ ਕੰਮ ਕਰਦੀ ਸੀ, ਪਰ ਸੁਖਚੈਨ ਦੀ ਸਾਰੀ ਉਮਰ ਦੀ ਕਮਾਈ ਤੇ ਸਹੂਲਤਾਂ ਤੋਂ ਕਿਤੇ ਵੱਧ ਤਰੱਕੀ ਬਲਤੇਜ ਨੇ ਸਿਰਫ ਪਿਛਲੇ ਪੰਜ ਛੇ ਸਾਲਾਂ ਵਿਚ ਕਰ ਲਈ ਸੀ।

ਪਰ ਅੱਜ ਦੀ ਘਟਨਾ ਸਾਹਮਣੇ ਸਭ ਕੁਝ ਬੇਕਾਰ ਲੱਗਣ ਲੱਗ ਪਿਆ। ਬਾਰ੍ਹਵੇਂ ਗਰੇਡ ਵਿਚ ਪੜ੍ਹਦਾ ਅਰਸ਼ਦੀਪ ਜਦੋਂ 9-10 ਵਜੇ ਘਰ ਪਰਤਦਾ ਤਾਂ ਕੁਲਦੀਪ ਕਹਿੰਦੀ, "ਜੌਬ ਕਰਦਾ ਹੈ, ਘਰ ਅਤੇ ਕਾਰਾਂ ਦਾ ਲੋਨ ਉਤਾਰਨ ਵਿਚ ਹੈਲਪ ਕਰ ਰਿਹੈ"

"ਇਹਦੀ ਪੜ੍ਹਾਈ 'ਤੇ ਅਸਰ ਨਹੀਂ ਪੈਂਦਾ?... ਪੜ੍ਹਾਈ 'ਚ ਕਿਵੇਂ ਐ?" ਸੁਖਚੈਨ ਪੁੱਛਦਾ ਤਾਂ ਕੁਲਦੀਪ ਬੋਲਦੀ, "ਬੱਚਿਆਂ ਦੇ ਸਕੂਲ ਪੜ੍ਹਾਈ ਬਾਰੇ ਪੁੱਛਣ ਜਾਈਏ ਤਾਂ ਬੱਚੇ ਲਾਈਕ ਨਹੀਂ ਕਰਦੇ, ਠੀਕ ਹੀ ਹੋਣੈਂ"

"ਸੁਆਹ ਠੀਕ ਐ, ਦੇਖ ਲਿਆ ਅੱਜ..."

ਤੇ ਸੁਖਚੈਨ ਦੇ ਕੰਨਾਂ ਵਿਚ ਪੁਲੀਸ ਵਾਲੇ ਦੇ ਬੋਲ ਗੂੰਜਣ ਲੱਗੇ, "ਟੇਕ ਕੇਅਰ ਆਫ ਯੂਅਰ ਚਾਈਲਡ, ਡਰੱਗੀਆਂ ਵਾਲੇ ਏਰੀਏ ਵਿਚ ਅਵਾਰਾ ਫਿਰਦਾ ਸੀ..."

ੴ



# ਜਲਾਵਤਨੀ ਮੰਗਦਾ ਬੁਢਾਪਾ

ਉੱਚੇ ਅਹੁਦੇ ਵਾਲੇ ਨੂੰਹ-ਪੁੱਤ ਨੇ ਬੀਮਾਰ ਸ਼ੀਲਾ ਦਾ ਮੰਜਾ ਗੈਰਜ ਵਿਚ ਲਾ ਦਿੱਤਾ।

"ਆਪਾਂ ਨੂੰ ਏਡੇ ਏਡੇ ਅਫਸਰ ਮਿਲਣ ਆਉਂਦੇ ਐ, ਮੰਮੀ ਖਊਂ-ਖਊਂ ਕਰਦੇ ਰਹਿੰਦੇ ਐ, ਬੜੀ ਇਨਸਲਟ ਫੀਲ ਹੁੰਦੀ ਐ, ਨਾਲੇ ਉਹਨਾਂ ਤਾਂ ਲੇਟੇ ਈ ਰਹਿਣੈਂ, ਏਥੇ ਕੀ ਤੇ ਉਥੇ ਕੀ..."

ਪਤਨੀ ਦੀ ਦਲੀਲ ਪੁੱਤ ਨੂੰ ਵੀ ਸਹੀ ਲੱਗੀ ਸੀ। ਅਕਸਰ ਨੌਕਰ ਹੀ ਰੋਟੀ-ਪਾਣੀ ਦੇ ਜਾਂਦਾ, ਕਦੇ ਕਦਾਈਂ ਪੁੱਤਰ ਵੀ ਗੇੜਾ ਮਾਰ ਜਾਂਦਾ।

ਅੱਜ ਸਵੇਰੇ, "ਹੋਲੀ ਹੈ ਬਈ ਹੋਲੀ ਹੈ..." ਦੇ ਸ਼ੋਰ ਨਾਲ ਢੋਲ ਦੀ ਆਵਾਜ਼ ਆਈ ਤਾਂ ਮਾਂ ਦੀਆਂ ਅੱਖਾਂ ਚਮਕੀਆਂ, "ਅੱਜ ਤਾਂ ਜ਼ਰੂਰ ਆਊਗਾ ਮੇਰਾ ਲਾਲ, ਖਵ੍ਰੇ ਪੋਤੇ ਵੀ ਆ ਜਾਣ ਤੇ ਇਹ ਵੀ ਕੀ ਪਤਾ ਕਿ ਨੂੰਹ ਵੀ ਆ ਜਾਵੇ" ਮਾਂ ਉਹਨਾਂ ਨੂੰ ਦੇਣ ਵਾਲੀਆਂ ਅਸੀਸਾਂ ਚੇਤੇ ਕਰਨ ਲੱਗੀ।

ਢੋਲ ਦੀ ਆਵਾਜ਼ ਉੱਚੀ ਹੁੰਦੀ ਗਈ, ਵਿਹੜੇ ਵਿਚੋਂ ਆ ਰਹੀਆਂ ਨੱਚਣ ਗਾਉਣ ਦੀਆਂ ਆਵਾਜ਼ਾਂ ਤੇ ਹਾਸਿਆਂ ਦੇ ਠਹਾਕਿਆਂ ਨੇ ਮਾਂ ਦੇ ਚਿਹਰੇ ਉਤੇ ਵੀ ਮੁਸਕਾਨ ਲਿਆ ਦਿੱਤੀ।

"ਸਾਰਿਆਂ ਦੇ ਜਾਣ ਪਿਛੋਂ ਹੀ ਆਉਣਗੇ ਮੇਰੇ ਕੋਲ, ਹੁਣ ਸਵੇਰੇ ਸਵੇਰੇ ਦੋਸਤ-ਮਿੱਤਰ ਆ'ਗੇ ਤਾਂ ਉਹ ਵਿਚਾਰੇ ਵੀ ਕੀ ਕਰਨ?" ਉਹ ਆਪਣੇ ਡੋਲਦੇ ਦਿਲ ਨੂੰ ਆਪ ਹੀ ਤਸੱਲੀ ਦੇਣ ਲੱਗੀ।

ਢੋਲ ਦੀ ਆਵਾਜ਼ ਮੱਧਮ ਹੁੰਦੀ ਗਈ, ਵਿਹੜੇ ਵਿਚ ਚੁੱਪ-ਚਾਂ ਪਸਰ ਗਈ, ਕਦੀ ਕਦੀ ਕੋਈ ਪੈੜ-ਚਾਲ ਸੁਣੀਂਦੀ ਤਾਂ ਮਾਂ ਤੁਰੰਤ ਕੰਨ ਖੜ੍ਹੇ ਕਰ ਲੈਂਦੀ, ਦਰਵਾਜ਼ੇ ਉਤੇ ਨਜ਼ਰਾਂ ਗੱਡ ਦਿੰਦੀ।

ਉਡੀਕਦੀ ਦੀ ਦੁਪਹਿਰ ਤੋਂ ਸ਼ਾਮ ਹੋ ਗਈ, ਅੱਜ ਤਾਂ ਰੋਟੀ ਵੀ ਭੁੱਲ ਗਏ। ਭੁੱਖ ਨਾਲ ਬੁਰਾ ਹਾਲ ਹੋ ਗਿਆ ਤਾਂ ਉਹ ਹੌਲੀ ਹੌਲੀ ਪੌੜੀਆਂ ਚੜ੍ਹ ਕੇ ਉਪਰ ਗਈ, ਅੱਗੋਂ ਸਾਰਾ ਪਰਿਵਾਰ ਟੀ.ਵੀ. ਸਾਹਮਣੇ ਬੈਠਾ ਖਿੜ-ਖਿੜ ਹੱਸ ਰਿਹਾ ਸੀ। ਪੂਰਾ ਜ਼ੋਰ ਲਾ ਕੇ ਉਹ ਉੱਚੀ ਆਵਾਜ਼ ਵਿਚ ਬੋਲੀ, "ਅੱਜ ਤੁਸੀਂ ਮਾਂ ਨੂੰ ਵੀ ਭੁੱਲ ਗਏ, ਏਦੂੰ ਤਾਂ ਮੈਨੂੰ ਕਿਸੇ ਅਨਾਥਆਲੇ ਹੀ..."

ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੀ ਉਹ ਫਰਸ਼ ਉੱਤੇ ਡਿੱਗ ਪਈ।

# ਟੇਢਾ ਹੱਲ

ਸੰਤਾ ਸਿੰਘ ਭਾਵੇਂ ਪਿੰਡ ਦੀ ਪਰਲੀ ਪੱਤੀ ਵਿਚ ਰਹਿੰਦਾ ਸੀ, ਪਰ ਉਹ ਅਕਸਰ ਸਾਡੀ ਬੈਠਕ ਵਿਚ ਲੰਮਾ ਚਿਰ ਦੁਖ-ਸੁਖ ਤੇ ਪਰਿਵਾਰਕ ਗੱਲਾਂ ਸਾਂਝੀਆਂ ਕਰਦਾ। ਉਹਦੇ ਤਿੰਨੇ ਪੁੱਤਰ ਤੇ ਇਕ ਧੀ ਵਿਆਹੇ-ਵਰੇ ਤੇ ਬਾਲ-ਬੱਚਿਆਂ ਵਾਲੇ ਆਪੋ-ਆਪਣੇ ਕਾਰੋਬਾਰ ਵਿਚ ਮਸਤ ਸਨ। ਛੋਟਾ ਨਿੰਦਰ ਟੱਬਰ ਸਮੇਤ ਉਹਦੇ ਨਾਲ ਰਹਿੰਦਾ ਸੀ। ਪਤਨੀ ਸ਼ਰਨ ਕੌਰ ਦੀ ਮੌਤ ਤੋਂ ਬਾਅਦ ਸੰਤਾ ਸਿੰਘ ਦਾ ਗੁਰਦੁਆਰੇ ਵੱਲ ਝੁਕਾਅ ਜ਼ਿਆਦਾ ਹੀ ਹੋ ਗਿਆ ਸੀ। ਉਂਜ ਤਾਂ ਉਹ ਸਬਰ ਸੰਤੋਖ ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਸੀ, ਪਰ ਘਰ ਦੇ ਮਾਹੌਲ ਤੇ ਪਤਨੀ ਨੂੰ ਚੇਤੇ ਕਰਕੇ ਅਕਸਰ ਉਦਾਸ ਹੋ ਜਾਂਦਾ।

ਅੱਜ ਜਦੋਂ ਬੈਠਕ ਵਿਚ ਆਇਆ ਤਾਂ ਆਮ ਨਾਲੋਂ ਜ਼ਿਆਦਾ ਚੁੱਪ ਤੇ ਉਦਾਸ ਸੀ। ਵਜ੍ਹਾ ਪੁੱਛਣ 'ਤੇ ਪਹਿਲਾਂ ਤਾਂ ਟਾਲਣ ਲੱਗਾ, ਫਿਰ ਉਹਦੇ ਚਿਹਰੇ ਉਤੇ ਫਿੱਕੀ ਜਿਹੀ ਮੁਸਕਾਨ ਆ ਗਈ, ਬੋਲਿਆ, "ਕੀ ਦੱਸਾਂ ? ਨਿੰਦਰ ਤੇ ਟੱਬਰ ਮੇਰੇ ਰੋਟੀ ਪਾਣੀ ਦਾ ਭੋਰਾ ਵੀ ਖ਼ਿਆਲ ਨਹੀਂ ਕਰਦੇ, ਜੇ ਕਿਤੇ ਪੱਕਦੀ ਤੋਂ ਨਾ ਪਹੁੰਚਾਂ ਤਾਂ ਭੁੱਖਾ ਰਹਿਣਾ ਪੈਂਦੈ, ਤੇਰੀ ਭਾਬੀ ਤਾਂ ਜਾਣਦੀ ਸੀ ਕਿ ਮੈਥੋਂ ਭੁੱਖ ਨਹੀਂ ਬਰਦਾਸ਼ਤ ਕਰ ਹੁੰਦੀ, ਕੁਝ ਨਾ ਕੁਝ ਦੇਈ ਰੱਖਦੀ, ਘਰੇ ਵੀ ਪੰਜੀਰੀ ਪਿੰਨੀਆਂ ਬਣਾ ਕੇ ਰੱਖ ਛੱਡਦੀ। ਨੂੰਹ ਕਦੇ ਨਹੀਂ ਪੁਛਦੀ ਕਿ ਬਾਪੂ ਰੋਟੀ ਕਿਤੋਂ ਖਾ ਆਇਐਂ ਕਿ ਨਹੀਂ ? ਬਸ ਜੇ ਬੈਠਾ ਹੋਵਾਂ ਤਾਂ ਫੜਾ ਦਿੰਦੀ ਐ" ਮੈਂ ਦੇਖਿਆ ਉਹਦੀਆਂ ਅੱਖਾਂ ਭਰ ਆਈਆਂ ਸੀ।

"ਸੰਤਾ ਸਿਆਂਹ ! ਜ਼ਮੀਨ ਸਾਰੀ ਜੁਆਕਾਂ ਦੇ ਨਾਂ ਲੁਆ ਦਿੱਤੀ ਐ ?"

"ਨਹੀਂ, ਵੀਹ ਕਿੱਲੇ ਅਜੇ ਮੇਰੇ ਨਾਂ ਹੈਗੇ, ਬਾਕੀ ਸਾਰੀ ਪੁੱਤਾਂ ਤੇ ਧੀ ਦੇ ਨਾਂ ਲੁਆ'ਤੀ ਸੀ"

"ਤੂੰ ਨਿੰਦਰ ਨੂੰ ਕਹੀਂ ਕਿ ਮੈਂ ਵੱਡੇ ਪੁੱਤਰ ਅਵਤਾਰ ਕੋਲ ਕੁਸ਼ ਚਿਰ ਰਹਿਣ ਲਈ ਜਾਣੈ, ਪਿਛਲੀ ਵਾਰੀ ਆਇਆ ਉਹ ਗਿਲਾ ਕਰਦਾ ਸੀ ਕਿ ਬਾਪੂ ਤੂੰ ਸਾਡੇ ਵੱਲ ਗੇੜਾ ਈ ਨਹੀਂ ਮਾਰਿਆ, ਉਥੇ ਵੀ ਤੇਰੇ ਪੋਤੇ ਪੋਤੀ ਤੇ ਨੂੰਹ ਰਹਿੰਦੇ ਨੇ"

"ਪਰ ਏਦਾਂ..." ਸੰਤਾ ਸਿਹੁੰ ਨੇ ਗੱਲ ਕੱਟਣ ਦੀ ਕੋਸ਼ਿਸ਼ ਕੀਤੀ।



"ਤੂੰ ਪੂਰੀ ਗੱਲ ਤਾਂ ਸੁਣ ਲੈ, ਨਿੰਦਰ ਨੂੰ ਆਖੀਂ ਬਈ ਲੱਗਦੈ ਥੋਨੂੰ ਤਾਂ ਬਹੁਤੀ ਲੋੜ ਨੀ, ਸੋਹਣਾ ਸਰੀ ਜਾਂਦੈ, ਆਵਦੇ ਹਿੱਸੇ ਦੀ ਜ਼ਮੀਨ ਦਾ ਠੇਕਾ ਲੈ ਜਾਊਂ, ਅਵਤਾਰ ਦੀ ਕੁਸ਼ ਮੱਦਦ ਹੋ ਜਾਊ"

ਸੰਤਾ ਸਿੰਘ ਦੁਚਿਤੀ ਜਿਹੀ ਵਿਚ ਸਿਰ ਹਿਲਾਉਂਦਾ ਬੋਲਿਆ, "ਸ਼ਹਿਰ ਜਾਣ ਨੂੰ ਤਾਂ ਚਿਤ ਨਹੀਂ ਕਰਦਾ... ਪਰ ਏਥੇ ਵੀ... ਏਦਾਂ ਝੱਟ ਨਹੀਂ ਲੰਘਦਾ ਦਿਸਦਾ"

"ਓਇ ਭੋਲਿਆ ਪੰਛੀਆ ! ਤੂੰ ਕਿਹੜਾ ਸੱਚੀਂ ਜਾਣਾ, ਦੇਖੀਂ ਤਾਂ ਸਹੀ ਇਹ ਤੈਨੂੰ ਸੌ ਵਲ਼ ਪਾ ਕੇ ਰੋਕਣਗੇ ਤੇ ਸੇਵਾ ਵੀ ਪੂਰੀ ਕਰਨਗੇ"

ੴ

## ਨਿਰਛਲਤਾ ਨੂੰ ਚਰਦਾ ਮੀਡੀਆ

ਪਾਰਕ ਵਿੱਚ ਬਣੇ ਟਰੈਕ 'ਤੇ ਸ਼ਾਮ ਨੂੰ ਅੱਧਾ ਪੌਣਾ ਘੰਟਾ ਸੈਰ ਕਰਨ ਦਾ ਨੇਮ ਹੀ ਬਣ ਗਿਆ ਸੀ। ਉਂਜ ਵੀ ਉਥੇ ਹਰ ਉਮਰ ਦੇ ਲੋਕ ਆਪਣੇ ਆਪਣੇ ਤਰੀਕੇ ਨਾਲ ਚੰਗਾ ਸਮਾਂ ਬਤੀਤ ਕਰਨ ਲਈ ਪਹੁੰਚਦੇ ਸਨ। ਨਿਆਣੇ ਆਪਣੀ ਹੀ ਕਾਵਾਂਰੌਲੀ ਪਾਈ ਰੱਖਦੇ। ਇੱਕ ਪਾਸੇ ਨੂੰ ਬੂਟੇ ਲਗਾਉਣ ਲਈ ਡੇਢ-ਡੇਢ ਫੁੱਟ ਡੂੰਘੇ ਟੋਏ ਪੁੱਟੇ ਹੋਏ ਸਨ। ਸ਼ਾਮ ਢਲ ਗਈ ਸੀ, ਹਨ੍ਹੇਰਾ ਪਸਰ ਰਿਹਾ ਸੀ, ਬਹੁਤੇ ਲੋਕ ਘਰਾਂ ਨੂੰ ਪਰਤ ਚੁੱਕੇ ਸਨ। ਛੇ-ਸੱਤ ਬੱਚੇ ਅਜੇ ਵੀ ਖੇਡਦੇ ਸਨ, ਉਹ ਦੋ ਟੋਇਆਂ ਵਿੱਚ ਖੜ੍ਹੇ ਇੱਕ ਦੂਜੇ ਵੱਲ ਬਾਹਾਂ ਵਧਾ ਕੇ ਠਾਹ-ਠਾਹ ਦੀਆਂ ਆਵਾਜ਼ਾਂ ਕੱਢ ਰਹੇ ਸਨ ਤੇ ਨਾਲ ਨਾਲ ਲਲਕਾਰੇ ਵੀ ਮਾਰ ਰਹੇ ਸਨ। ਕੋਲੋਂ ਲੰਘਦਿਆਂ ਮੈਂ ਇਸ ਖੇਡ ਬਾਰੇ ਪੁੱਛਿਆ ਤਾਂ ਉਹਨਾਂ ਦੱਸਿਆ, "ਅੰਕਲ! ਅਸੀਂ ਟੈਰੋਰਿਸਟ-ਪੁਲੀਸ ਖੇਡ ਰਹੇ ਹਾਂ, ਹੁਣ ਪੁਲੀਸ ਮੁਕਾਬਲਾ ਚੱਲ ਰਿਹੈ। ਮੈਂ ਨੇੜਲੇ ਬੈਂਚ 'ਤੇ ਬਹਿ ਕੇ ਦੇਖਣ ਲੱਗਿਆ, ਦੇਖਦਿਆਂ ਦੇਖਦਿਆਂ ਉਹ ਇੱਕ ਦੂਜੇ ਵੱਲ ਮਿੱਟੀ ਦੀਆਂ ਮੁੱਠਾਂ ਭਰ ਭਰ ਮਾਰਨ ਲੱਗੇ। ਮੈਂ ਮਨ੍ਹਾ ਕੀਤਾ, ਪਰ ਉਹਨਾਂ ਨੇ ਜੋਸ਼ ਵਿੱਚ ਅਣਸੁਣਿਆ ਕਰ ਦਿੱਤਾ। ਅਚਾਨਕ ਕੀ ਦੇਖਦਾ ਹਾਂ ਕਿ ਇਕ ਬੱਚਾ ਸੇਬ ਜਿੱਡੇ ਦੋ ਤਿੰਨ ਪੱਥਰ ਚੁੱਕੀ ਆ ਰਿਹਾ ਹੈ। ਮੈਂ ਫ਼ਿਕਰਮੰਦ ਹੋ ਉੱਠਿਆ ਤੇ ਅੱਗੇ ਵਧ ਕੇ ਉਸ ਬੱਚੇ ਨੂੰ ਫੜ ਲਿਆ ਤੇ ਪੱਥਰ ਸੁਟਵਾਏ। ਉਹ ਰੋਣਹਾਕਾ ਹੋ ਕੇ ਬੋਲਿਆ, "ਅੰਕਲ! ਇਹ ਤਾਂ ਗਰਨੇਡ ਹਨ, ਜੇ ਨਾ ਚਲਾਏ ਤਾਂ ਪੁਲੀਸ ਵਾਲੇ ਸਾਨੂੰ ਮਾਰ ਦੇਣਗੇ"

"ਬੇਟਾ! ਸੱਟ ਲੱਗ ਜਾਏਗੀ"

"ਨਹੀਂ ਅੰਕਲ! ਉਹ ਦੇਖੋ, ਉਹ ਵੀ ਚਲਾ ਰਹੇ ਨੇ"

"ਤੁਸੀਂ ਨਾ ਚਲਾਓ! ਉਹ ਆਪੇ ਹਟ ਜਾਣਗੇ, ਤੁਸੀਂ ਸਾਰੇ ਫਰੈਂਡਜ਼ ਓ, ਕੱਲ੍ਹ ਵੀ ਤੁਸੀਂ ਖੇਡਣਾ ਹੈ, ਪੱਥਰਾਂ ਨਾਲ ਸੱਟ ਲੱਗ ਜਾਏਗੀ" ਮੈਂ ਪੁਚਕਾਰਿਆ।

"ਅਸੀਂ ਟੈਰੋਰਿਸਟ ਹਾਂ, ਪੁਲੀਸ ਨੂੰ ਭਜਾ ਕੇ ਹੀ ਛੱਡਾਂਗੇ, ਅਸੀਂ ਟੀ.ਵੀ. 'ਤੇ ਦੇਖਿਆ ਸੀ... ਅੰਕਲ! ਤੁਸੀਂ ਟੀ.ਵੀ. ਨਹੀਂ ਦੇਖਦੇ?"

ੴ



## ਗੁੰਗੀਆਂ ਜੀਭਾਂ

ਟੋਰਾਂਟੋ ਦੇ ਇਕ ਰੇਡੀਓ ਟਾਕ-ਸ਼ੋਅ ਵਿਚ ਔਰਤਾਂ ਦੀ ਭਾਰਤ ਅਤੇ ਕੈਨੇਡਾ ਵਿਚ ਦੁਰਦਸ਼ਾ ਬਾਰੇ ਗੱਲਬਾਤ ਚੱਲ ਰਹੀ ਸੀ। ਸਰੋਤੇ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਹੋਏ ਆਪਣੇ ਅਨੁਭਵ ਦੱਸ ਰਹੇ ਸਨ।

ਭਖਵੀਂ ਚਰਚਾ ਵਿਚ ਇਕ ਰੋਣਹਾਕੀ ਮਰਦਾਨਾ ਆਵਾਜ਼ ਆਈ, "ਮੇਰੀ ਪ੍ਰਾਬਲਮ ਵੀ ਹੱਲ ਕਰ ਦਿਓ ਪਲੀਜ਼, ਮੈਨੂੰ ਵਾਈਫ ਨੇ ਘਰੋਂ ਕੱਢ'ਤਾ, ਕਹਿੰਦੀ ਬਹੁਤੀ ਚੂੰ-ਚਾਂ ਕੀਤੀ ਤਾਂ 911 ਨੂੰ ਕਾਲ ਕਰ ਦਊਂ..."

"ਤੁਸੀਂ ਕੁਝ ਗ਼ਲਤ ਕਿਹਾ ਜਾਂ ਕੀਤਾ ਹੋਣੈ ਜਨਾਬ!" ਰੇਡੀਓ-ਹੋਸਟ ਬੜੇ ਜੋਸ਼ ਵਿਚ ਬੋਲੀ।

"ਉਹਨੂੰ ਫਰੈਂਡਾਂ ਨਾਲ ਨਾਈਟ-ਕਲੱਬ ਜਾਣੋਂ ਰੋਕਿਆ ਸੀ ਬੱਸ..."

"ਏਸ ਗੱਲ 'ਤੇ? ਤੁਸੀਂ ਸੱਚ ਕਹਿ ਰਹੇ ਓ?" ਟਾਕ-ਸ਼ੋਅ ਵਿਚ ਸ਼ਾਮਿਲ ਮਹਿਮਾਨ-ਲੇਖਿਕਾ ਨੇ ਕਿਹਾ।

"ਹਾਂ ਜੀ ਮੈਡਮ ਜੀ, ਮੈਨੂੰ ਮੇਰੇ ਨਿੱਕੇ ਨਿੱਕੇ ਬੱਚਿਆਂ ਦੀ ਸਹੁੰ, ਕਹਿੰਦੀ ਮੈਂ ਆਪਣੀ ਮਰਜ਼ੀ ਦੀ ਮਾਲਕ ਆਂ, ਜਿਥੇ ਜੀ ਕਰੂ ਜਾਊਂ, ਜੀਹਦੇ ਨਾਲ ਮਰਜ਼ੀ ਜਾਊਂ, ਇਹ ਇੰਡੀਆ ਨਹੀਂ ਹੈਗਾ... ਬਾਹਲਾ ਔਖਾ ਐਂ ਤਾਂ ਤੂੰ ਨਿਕਲ ਘਰੋਂ"

"ਅੱਛਾ?..." ਭਾਰਤ ਤੋਂ ਗਈ ਲੇਖਿਕਾ ਦੀ ਆਵਾਜ਼ ਹੈਰਾਨੀ ਵਿਚ ਡੁੱਬ ਗਈ।

"ਹੁਣ ਤਿੰਨਾਂ ਦਿਨਾਂ ਤੋਂ ਆਵਦੇ ਟਰੱਕ ਵਿਚ ਈ ਸੌਂ ਰਿਹਾਂ, ਮੈਨੂੰ ਦੱਸੋ ਕੀ ਕਰਾਂ?"

"ਹਾਂ ਜੀ ਦੋਸਤੋ! ਹੋ ਜਾਂਦੈ ਕਦੇ ਕਦੇ ਇਉਂ ਵੀ ਏਥੇ, ਤੁਸੀਂ ਆਪਣੇ ਸੁਝਾਅ ਦਿਓ..." ਰੇਡੀਓ-ਹੋਸਟ ਨੇ ਗੇਂਦ ਸਰੋਤਿਆਂ ਵੱਲ ਉਛਾਲ ਦਿੱਤੀ।

ਟੈਲੀਫੋਨਾਂ ਨੂੰ ਜਿਵੇਂ ਸੱਪ ਸੁੰਘ ਗਿਆ, ਇਕ ਦੂਜੀ ਤੋਂ ਵਧ ਕੇ ਬੋਲ ਰਹੀਆਂ ਜੀਭਾਂ ਅਚਾਨਕ ਗੁੰਗੀਆਂ ਹੋ ਗਈਆਂ ਸਨ।

ੴ

# ਨਿਰਾਸ਼ਾ 'ਚੋਂ ਉੱਗੀ ਜ਼ਿੰਦਗੀ

ਪਰਤੀਕ ਦਾ ਦੋ ਕੁ ਮਹੀਨੇ ਬਾਅਦ ਆਪਣੇ ਸ਼ਹਿਰ ਗੇੜਾ ਵੱਜਿਆ। ਉਹ ਸੈਰ ਲਈ ਪਾਰਕ ਵੱਲ ਜਾਂਦਾ ਹੋਇਆ ਮੰਦਿਰ ਦੇ ਸਾਹਮਣਿਉਂ ਗੁਜ਼ਰ ਰਿਹਾ ਸੀ ਕਿ ਇਕ ਅਜਨਬੀ, "ਬਾਬੂ ਜੀ, ਬਾਬੂ ਜੀ..." ਪੁਕਾਰਦਾ ਉਹਦੇ ਵੱਲ ਵਧਿਆ। ਉਹ ਹੈਰਾਨ ਹੋਇਆ ਉਥੇ ਹੀ ਖੜੋ ਗਿਆ। ਅਜਨਬੀ ਕੋਲ ਆ ਕੇ ਹੱਥ ਜੋੜਦਿਆਂ ਬੜੀ ਨਿਮਰਤਾ ਨਾਲ ਬੋਲਿਆ, "ਬਾਬੂ ਜੀ! ਆਪ ਤੋ ਹਮਾਰੀ ਜ਼ਿੰਦਗੀ ਬਦਲ ਦੀਏ, ਆਪ ਮੰਦਿਰ ਨਹੀਂ ਜਾਤੇ ਹੋ, ਪਰ ਭਗਵਾਨ ਸੇ ਕਮ ਨਹੀਂ ਹਮਾਰੇ ਲੀਏ..." ਤੇ ਉਹ ਅਚਾਨਕ ਪਰਦੀਪ ਦੇ ਪੈਰਾਂ ਵੱਲ ਝੁਕ ਗਿਆ। ਪਰਦੀਪ ਨੇ ਹੈਰਤ ਨਾਲ ਪੁੱਛਿਆ, "ਮੈਂ ਜ਼ਿੰਦਗੀ ਬਦਲ'ਤੀ? ਉਹ ਕਿਵੇਂ?"

"ਉਸ ਸ਼ਾਮ ਆਪ ਗੁਲਾਬ ਕੇ ਫੂਲੋਂ ਕਾ ਗੁਲਦਸਤਾ ਮੇਰੇ ਸਾਮਨੇ ਡਾਲ ਗਏ ਥੇ, ਮੈਂ ਨੇ ਵੋ ਗੁਲਾਬ ਮੰਦਿਰ ਜਾਤੇ ਲੋਗੋਂ ਕੋ ਵੇਚ ਕਰ ਜੋ ਪੈਸੇ ਕਮਾਏ ਉਨ ਸੇ ਫੂਲ-ਮਾਲਾਏਂ ਖਰੀਦ ਲੀ, ਫਿਰ ਉਨ ਕੋ ਵੇਚ ਕਰ ਔਰ ਜ਼ਿਆਦਾ ਖਰੀਦੀ, ਭਗਵਾਨ ਕੀ ਦਇਆ ਸੇ ਬਹੁਤ ਸੇ ਲੋਗ ਚੜ੍ਹਾਨੇ ਕੇ ਲੀਏ ਫੂਲ ਔਰ ਮਾਲਾਏਂ ਖਰੀਦਨੇ ਲਗੇ ਔਰ ਮੈਂ ਨੇ ਧੀਰੇ ਧੀਰੇ ਏਕ ਛੋਟਾ ਸਾ ਦੁਕਾਨ ਸ਼ੁਰੂ ਕਰ ਲੀਆ, ਵੋਹ ਦੇਖੋ ਉਸ ਛੋਟੇ ਸੇ ਮੇਜ਼ ਪਰ ਸਜੇ ਫੂਲ ਔਰ ਮਾਲਾਏਂ..." ਅਜਨਬੀ ਨੇ ਮੁਸਕੁਰਾਉਂਦੇ ਹੋਏ ਇਕ ਤਰਫ ਇਸ਼ਾਰਾ ਕੀਤਾ।

ਪਰਤੀਕ ਨੇ ਚੇਤੇ ਨੂੰ ਖਰੋਚਿਆ ਤਾਂ ਉਹ ਵੇਲਾ ਯਾਦ ਆਇਆ ਜਦੋਂ ਉਹ ਆਪਣੀ ਪ੍ਰੇਮਿਕਾ ਸ਼ਾਲਿਨੀ ਦੇ ਜਨਮ-ਦਿਨ 'ਤੇ ਗੁਲਾਬਾਂ ਦਾ ਵੱਡਾ ਸਾਰਾ ਗੁਲਦਸਤਾ ਲੈ ਕੇ ਆਇਆ ਸੀ, ਪਰ ਸ਼ਾਲਿਨੀ ਦੇ ਨਾ ਆਉਣ ਕਰਕੇ ਨਿਰਾਸ਼ਾ ਅਤੇ ਗੁੱਸੇ ਵਿਚ ਉਹ ਗੁਲਦਸਤਾ ਮੰਦਿਰ ਕੋਲ ਬੈਠੇ ਇਸ ਭਿਖਾਰੀਨੁਮਾ ਵਿਅਕਤੀ ਦੇ ਸਾਹਮਣੇ ਸੁੱਟ ਕੇ ਚਲਿਆ ਗਿਆ ਸੀ।

ੴ



# ਚਾਂਦਮਾਰੀ

"ਐਧਰ ਦੇਖ ਬੇਟਾ! ਇਕ ਸਨਸਨੀਖ਼ੇਜ਼ ਖ਼ਬਰ ਦਿਖਾਵਾਂ, ਲੋਕ ਕਿੰਨੇ ਪੱਥਰ-ਦਿਲ ਹੋ ਗਏ"

"ਕੀ ਹੈ ਡੈਡ?"

ਬੇਟੇ ਨੇ ਟੀ.ਵੀ. ਤੋਂ ਨਜ਼ਰਾਂ ਘੁੰਮਾ ਕੇ ਪਿਤਾ ਵੱਲ ਦੇਖਿਆ।

"ਇਕ ਸਕੂਲ ਵਾਲੇ ਵਿਦਿਆਰਥੀਆਂ ਨੂੰ ਘੁੰਮਾਉਣ ਬਿਰਧ-ਆਸ਼ਰਮ ਲੈ ਗਏ, ਉਥੇ ਇਕ ਬੱਚੀ ਨੂੰ ਆਪਣੀ ਦਾਦੀ ਮਿਲ ਗਈ, ਦੋਵਾਂ ਦੀ ਗਲੇ ਮਿਲ ਕੇ ਜ਼ਾਰ-ਜ਼ਾਰ ਰੋਂਦੀਆਂ ਦੀ ਵੀਡੀਓ ਐ, ਵਟਸਐਪ 'ਤੇ ਬਹੁਤ ਵਾਇਰਲ ਹੋ ਰਹੀ ਐ"

"ਇਸ ਵਿਚ ਰੋਣ ਵਾਲੀ ਕਿਹੜੀ ਗੱਲ ਐ?" ਦੂਜੇ ਸੋਫੇ 'ਤੇ ਸੇਬ ਕੱਟ ਰਹੀ ਨੂੰਹ ਬੋਲੀ, "ਉਥੇ ਤਾਂ ਬਜ਼ੁਰਗ 'ਕੱਠੇ ਖਾਂਦੇ, ਹੱਸਦੇ-ਖੇਡਦੇ, ਮੌਜ-ਮਸਤੀ ਕਰਦੇ ਨੇ, ਪਿਕਨਿਕਾਂ 'ਤੇ ਜਾਂਦੇ ਨੇ, ਬਰਥ-ਡੇ ਤੇ ਹੋਰ ਸੈਲੀਬਰੇਸ਼ਨਜ਼ ਕਰਦੇ ਨੇ, ਮੈਂ ਤਾਂ ਸੋਚਦੀ ਆਂ ਡੈਡ? ਸਗੋਂ ਆਪਣਾ ਨਾਂ ਵੀ ਹੁਣੇ ਕਿਸੇ ਓਲਡ ਏਜ-ਹੋਮ ਵਿਚ ਰਜਿਸਟਰ ਕਰਾ ਦਿਆਂ, ਟਾਈਮ 'ਤੇ ਜਗਾਹ ਸੌਖੀ ਨਹੀਂ ਮਿਲਦੀ..."

ਨੂੰਹ ਦੇ ਬੋਲ ਪਿਤਾ ਦੇ ਸੀਨੇ ਵਿਚ ਗੋਲੀਆਂ ਵਾਂਗ ਵੱਜ ਰਹੇ ਸਨ।

ੴ

# ਮੋਹ ਦੀ ਸਜ਼ਾ

ਘਰੇ ਅਖੰਡ ਪਾਠ ਚੱਲ ਰਿਹਾ ਸੀ, ਰੌਲ਼ ਲਾਉਣ ਆਏ ਭਾਈ ਸਾਹਿਬ ਦੀ ਉਮਰ 64-65 ਸਾਲ ਦੇ ਕਰੀਬ ਲੱਗਦੀ ਸੀ। ਪਾਠ ਤੋਂ ਬਾਅਦ ਬੜੀ ਮੁਸ਼ਕਿਲ ਨਾਲ ਉੱਠੇ ਤੇ ਬੈਗ ਵਿੱਚੋਂ ਆਇਓਡੈਕਸ ਕੱਢ ਕੇ ਗੋਡਿਆਂ ਉੱਤੇ ਮਲਣ ਲੱਗੇ। ਉਹਨਾਂ ਦਾ ਚਿਹਰਾ ਜਿਵੇਂ ਦਰਦ ਦੀ ਵਿਆਖਿਆ ਕਰ ਰਿਹਾ ਸੀ।

ਮੈਨੂੰ ਆਪਣੇ ਵੱਲ ਦੇਖਦਿਆਂ ਤੱਕ ਕੇ ਬੋਲੇ, "ਆਹ ਗੋਡਿਆਂ ਨੇ ਤਾਂ ਜਾਨ ਸੂਲੀ ਟੰਗੀ ਪਈ ਆ, ਚਲੋ ਅੱਜ ਦਾ ਕਾਰਜ ਤਾਂ ਸਿਰੇ ਚੜ੍ਹਿਆ..."

"ਜੇ ਤੁਹਾਡੇ ਤੋਂ ਇਹ ਸੇਵਾ ਨਹੀਂ ਹੁੰਦੀ ਤਾਂ ਕਿਉਂ ਕਰਦੇ ਓ? ਤੁਹਾਡੀ ਉਮਰ ਤਾਂ ਚਲੋ ਠੀਕ ਐ, ਪਰ ਗੋਡਿਆਂ ਦੀ ਪੀੜ ਨਾਲ ਇਉਂ ਚੌਂਕੜਾ ਮਾਰ ਕੇ ਲਗਾਤਾਰ ਬਹਿਣਾ ਤਾਂ ਬਹੁਤ ਔਖਾ ਐ..."

"ਕੀ ਕਰੀਏ ਸਰਦਾਰ ਸਾਹਿਬ! ਇਹ ਜੂਨ ਤਾਂ ਏਦਾਂ ਈ ਹੰਢਾਉਣੀ ਪਊ... ਮੁੰਡਾ ਨਸ਼ਿਆਂ ਦਾ ਪੱਟਿਆ ਕੁਸ਼ ਕਰਦਾ ਈ ਨਹੀਂ... ਹੁਣ ਉਹਦੇ ਢੁੱਲ ਭਰ ਜੁਆਕ ਤਾਂ ਪਾਲਣੇ ਹੋਏ..." ਮੱਥੇ ਤੋਂ ਤ੍ਰੇਲੀ ਪੂੰਝਦੇ ਹੋਏ ਉਹ ਬੋਲੇ।

"ਹੋਰ ਕੋਈ ਧੀ-ਪੁੱਤ ਨੀ ਤੁਹਾਡਾ?"

"ਹੈਗ੍ਹੀ ਐ ਸੁੱਖ ਨਾਲ ਇੱਕ ਧੀ... ਆਵਦੇ ਘਰ ਵਸਦੀ ਰਸਦੀ... ਗੁਰੂ ਦੀ ਬੜੀ ਕਿਰਪਾ ਐ ਉਹਦੇ 'ਤੇ... ਕਹਿੰਦੀ ਰਹਿੰਦੀ ਐ... ਪਿੰਡ ਛੱਡੋ ਤੇ ਮੇਰੇ ਕੋਲ ਆ ਜਾਓ"

"ਫੇਰ ਚਲੇ ਕਿਉਂ ਨੀ ਜਾਂਦੇ? ਏਨੀ ਤਕਲੀਫ ਸਹਿੰਨੇ ਓ?"

"ਪਰ ਸਰਦਾਰ ਜੀ! ਸਿੰਘਣੀ ਦਾ ਪੁੱਤਰ ਨਾਲ ਬੜਾ ਮੋਹ ਐ... ਜੇ ਅਸੀਂ ਚਲੇ ਗਏ ਤਾਂ ਪਿੱਛੇ ਉਹਦਾ ਤੇ ਉਹਦੇ ਟੱਬਰ ਦਾ ਕੀ ਬਣੂ?"

ੴ



# ਢਲਦੀ ਉਮਰ ਦੀਆਂ ਬੰਦਿਸ਼ਾਂ

ਰਮਿੰਦਰ ਲੁਧਿਆਣੇ ਰਹਿਕੇ ਐਮ. ਏ. ਦੀ ਤਿਆਰੀ ਕਰ ਰਿਹਾ ਸੀ। ਇਕ ਦੋਸਤ ਤੋਂ ਆਪਣੇ ਮਨਭਾਉਂਦੇ ਲੇਖਕ ਸੋਖੀ ਸਾਹਿਬ ਦੇ ਲੁਧਿਆਣੇ ਆ ਵਸਣ ਬਾਰੇ ਜਾਣਕੇ ਉਸ ਤੋਂ ਸਿਰਨਾਵਾਂ ਲਿਆ ਤੇ ਅਗਲੇ ਹੀ ਐਤਵਾਰ ਉਹਨਾਂ ਨੂੰ ਮਿਲਣ ਪਹੁੰਚ ਗਿਆ। ਮਨ ਵਿਚ ਸਾਰਾ ਦਿਨ ਉਹਨਾਂ ਨਾਲ ਸਾਹਿਤ-ਚਰਚਾ ਕਰਨ ਦਾ ਵਿਚਾਰ ਸੀ। ਸੋਖੀ ਸਾਹਿਬ ਵਿਹੜੇ ਵਿਚ ਧੁੱਪੇ ਮੰਜੇ ਉਤੇ ਬੈਠੇ ਸਨ।

ਦੁਆ-ਸਲਾਮ ਪਿਛੋਂ ਆਪਣੀ ਜਾਣ ਪਛਾਣ ਦਿੱਤੀ ਤਾਂ ਸੋਖੀ ਸਾਹਿਬ ਨੇ ਉਹਨੂੰ ਆਪਣੇ ਨਾਲ ਹੀ ਮੰਜੇ ਉਤੇ ਬਿਠਾ ਲਿਆ।

"ਸੋਖੀ ਸਾਹਿਬ! ਅਚਾਨਕ ਲੁਧਿਆਣੇ ਸ਼ਿਫਟ ਹੋਣ ਦਾ ਸਬੱਬ ਕਿਵੇਂ ਬਣ ਗਿਆ?" ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਨ ਲਈ ਉਹਨੇ ਪੁਛਿਆ।

"ਬਰਨਾਲੇ ਦੇ ਡਾਕਟਰਾਂ ਨੇ ਮੇਰੇ ਗਲ਼ੇ ਦੀ ਤਕਲੀਫ ਲਈ ਏਥੇ ਡੀ. ਐਮ. ਸੀ. ਹਸਪਤਾਲ ਭੇਜ ਦਿੱਤਾ, ਅੱਗੋਂ ਡਾਕਟਰਾਂ ਨੇ ਪੀਸ ਲੈ ਕੇ ਟੈਸਟ ਲਈ ਭੇਜਿਐ, ਕਹਿੰਦੇ ਕੈਂਸਰ ਦਾ ਸ਼ੱਕ ਐ..." ਉਹਨਾਂ ਬੜੀ ਮੁਸ਼ਕਿਲ ਨਾਲ ਗੱਲ ਪੂਰੀ ਕੀਤੀ, ਖੰਘੂਰਾ ਮਾਰ ਕੇ ਗਲ਼ਾ ਸਾਫ਼ ਕੀਤਾ ਤੇ ਪੁੱਛਣ ਲੱਗੇ, "ਜਵਾਨ! ਤੂੰ ਸਾਹਿਤ ਦਾ ਵਿਦਿਆਰਥੀ ਹੈਂ, ਕਿਵੇਂ ਆਉਣਾ ਹੋਇਆ?"

"ਮੈਂ ਲਿਖਦਾ ਵੀ ਹਾਂ ਜੀ, ਮੇਰੀ ਕਹਾਣੀਆਂ ਦੀ ਕਿਤਾਬ ਛਪੀ ਐ, ਦੋ ਕਾਪੀਆਂ ਲਿਆਇਆਂ ਤੁਹਾਡੇ ਲਈ? ਤੁਹਾਡੇ ਕੀਮਤੀ ਵਿਚਾਰ..."

ਇਸੇ ਦੌਰਾਨ ਉਥੇ ਆਈ ਸ੍ਰੀਮਤੀ ਸੋਖੀ ਕਿਤਾਬਾਂ ਫੜ ਕੇ ਸਟੂਲ 'ਤੇ ਰੱਖਦੀ ਬੋਲੀ, "ਸੋਖੀ ਸਾਹਿਬ! ਤੁਸੀਂ ਨਹੀਂ ਹਟਦੇ? ਬਰਨਾਲਿਉਂ ਤੁਰਨ ਲੱਗਿਆਂ ਤੁਹਾਨੂੰ ਕਿਹਾ ਸੀ ਕਿ ਆਹ ਕੂੜ-ਕਬਾੜ ਨਾਲ ਨਾ ਚੁਕ ਕੇ ਤੁਰ ਪਿਓ, ਧੀ-ਜਵਾਈ ਦੇ ਘਰ ਰਹਿਣੈਂ, ਬਥੇਰੀ ਉਮਰ ਪੜ੍ਹਾਈ-ਲਿਖਾਈ ਕਰ'ਲੀ, ਹੁਣ ਉਥੇ ਬੰਦੇ ਬਣ ਕੇ ਰਿਹੋ ਤੇ ਤੁਸੀਂ ਫਿਰ ਉਹੀ ਕੰਮ...?"

ਸੋਖੀ ਸਾਹਿਬ ਨੇ ਪੂਰਾ ਠਰੰਮਾ ਰੱਖਿਆ ਤੇ ਹੱਥ ਦੇ ਇਸ਼ਾਰੇ ਨਾਲ ਉਹਨੂੰ ਚੁੱਪ ਕਰਾ ਦਿੱਤਾ। ਭੈੜਾ ਜਿਹਾ ਮੂੰਹ ਬਣਾ ਕੇ ਸ੍ਰੀਮਤੀ ਸੋਖੀ ਜਾਣ ਲੱਗੀ ਤਾਂ ਸੋਖੀ ਸਾਹਿਬ ਕਾਹਲੀ ਨਾਲ ਬੋਲੇ, "ਆਹ ਦੋ ਕੱਪ ਚਾਹ ਦੇ ਬਣਾਈਂ"

ਕੌੜੀ ਨਜ਼ਰ ਨਾਲ ਦੇਖਦੀ ਉਹ ਦਰਵਾਜ਼ਾ ਠਾਹ ਕਰਕੇ ਮਾਰਦੀ ਅੰਦਰ ਚਲੀ ਗਈ। ਰਮਿੰਦਰ ਹਾਲਾਤ ਨੂੰ ਭਾਂਪਦਾ ਉਠਣ ਲੱਗਾ ਬੋਲਿਆ, "ਸਰ ਜੀ, ਚਾਹ ਮੈਂ ਪੀ ਕੇ ਆਇਆਂ, ਹੁਣ ਲੋੜ ਨਹੀਂ..."

ੴ



## ਹੰਝੂਆਂ 'ਚ ਵਹਿੰਦੇ ਸੁਫ਼ਨੇ

ਉਹ ਕੁੜੀ ਪੂਰਾ ਤਾਣ ਲਾਕੇ ਦੌੜੀ, ਜਿਵੇਂ ਉਹ ਬੇਰੁਜ਼ਗਾਰੀ ਅਤੇ ਗਰੀਬੀ ਤੋਂ ਅੱਗੇ ਲੰਘ ਜਾਣਾ ਚਾਹੁੰਦੀ ਹੋਵੇ, ਉਸ ਦੇ ਪਿੱਛੇ ਪਏ ਸੁਫ਼ਨਿਆਂ ਅਤੇ ਮਾਂ ਦੀਆਂ ਲਾਚਾਰ ਅੱਖਾਂ ਨੇ ਵੀ ਬਹੁਤ ਜ਼ੋਰ ਲਾਇਆ, ਪਰ ਉਹ ਸਫ਼ਲ ਨਾ ਹੋ ਸਕੀ। ਕੁਝ ਗਜ਼ਾਂ ਦੀ ਦੂਰੀ ਉੱਤੇ ਸਮਾਂ ਧੋਖਾ ਦੇ ਗਿਆ, ਚੰਦ ਸਕਿੰਟਾਂ ਦਾ ਫਰਕ ਰਹਿ ਗਿਆ ਸੀ।

ਪੌੜੀਆਂ 'ਚ ਢੋਅ ਲਾ ਕੇ ਬੈਠੀ ਦੇ ਹੰਝੂ ਠੋਡੀ ਤੋਂ ਲਮਕ ਰਹੇ ਸਨ। ਸੋਚਾਂ ਵਿੱਚ ਡੁੱਬੀ ਨੇ ਕਾਹਲੀ-ਕਾਹਲੀ ਬੂਟ ਲਾਹੇ ਤੇ ਚੁੰਨੀ ਨਾਲ ਪੂੰਝ ਕੇ ਸਾਫ ਕਰ ਲਏ। ਕੰਡਿਆਲੀ ਤਾਰ ਵਿੱਚ ਫਸ ਕੇ ਪਾਟੇ ਟਰੈਕ-ਸੂਟ ਦਾ ਜ਼ਾਇਜ਼ਾ ਲਿਆ। ਪੁਲਸ-ਭਰਤੀ ਵਿੱਚ ਅਸਫ਼ਲ ਰਹਿਣ ਨਾਲੋਂ ਵੱਡਾ ਦੁੱਖ ਹੁਣ ਸਹੇਲੀ ਦਾ ਟਰੈਕ-ਸੂਟ ਫਟਣ ਦਾ ਸੀ ਤੇ ਹੋਰ ਵੱਡਾ ਡਰ ਇਹ ਕਿ ਜੇ ਦੁਕਾਨਦਾਰ ਨੇ ਬੂਟ ਨਾ ਮੋੜੇ ਤਾਂ ਉਹਦੀ ਮਾਂ ਸੱਤ ਸੌ ਰੁਪਏ ਦਾ ਕਰਜ਼ਾ ਕਿਵੇਂ ਮੋੜੇਗੀ?

ੴ

## ਜ਼ਲਾਲਤ

"ਮਾਂ! ਓ ਮਾਂ! ਤੇਰਾ ਪੁੱਤ ਕਾਮਯਾਬ ਹੋ ਗਿਆ, ਤੁਹਾਡੇ ਸਾਰੇ ਉਲਾਂਭੇ ਲਾਹ ਦੂੰ, ਮਹਿਲਾਂ ਦੀ ਰਾਣੀ ਬਣਾ ਦੂੰ ਤੈਨੂੰ! ਬੱਸ ਦੇਖੀਂ ਤੂੰ, ਸ਼ਹਿਰ 'ਚ ਮਹਿਲ ਵਰਗਾ ਘਰ ਲੈ ਲੈਣਾ, ਕਿਸੇ ਚੀਜ਼ ਦੀ ਥੁੜ ਨੀ ਹੋਣੀ, ਦੇਖੀ ਚੱਲੀਂ ਮਾਂ!"

ਇਕੋ ਸਾਹ ਬੋਲਦੇ ਪੁੱਤ ਦੀ ਬਹੁਤ ਦਿਨਾਂ ਬਾਅਦ ਆਵਾਜ਼ ਸੁਣ ਕੇ ਹੈਰਾਨ ਹੋਈ ਮਾਂ ਮਸਾਂ ਹੀ ਬੋਲੀ, "ਵਾਹਿਗੁਰੂ ਨੇ ਭਲੀ ਕੀਤੀ, ਪਰ ਇਉਂ ਤਾਂ ਦੱਸ ਇਹ ਹੋਇਆ ਕਿਵੇਂ?"

"ਬੱਸ ਰਾਤ ਆਪਣੀ ਲਾਟਰੀ ਨਿੱਕਲ ਗਈ ਸਮਝ... ਵੱਡੀ ਸਾਰੀ... ਮੈਂ ਹੁਣ ਕੁਝ ਮਹੀਨਿਆਂ ਲਈ ਮਿਲ ਨਹੀਂ ਸਕੂੰਗਾ"

"ਵੇ! ਗੱਲ ਸੁਣ..."

"ਹਾਂ..."

"ਵੇ ਕਿਤੇ ਉਹ ਏ.ਟੀ.ਐਮ. ਵਾਲੀ ਗੱਲ ਤਾਂ ਨਹੀਂ...?"

"ਬੱਸ ਉਹੀ ਸਮਝ ਲੈ... ਬੜੀ ਮੁਸ਼ਕਿਲ ਨਾਲ..."

ਪਰ ਮਾਂ ਤਾਂ ਸਦਮੇ ਕਾਰਨ ਬੋਲਣ-ਸੁਣਨ ਤੋਂ ਅਸਮੱਰਥ ਹੋ ਚੁੱਕੀ ਸੀ, ਰਿਸੀਵਰ ਹੱਥੋਂ ਛੁੱਟ ਕੇ ਲਟਕ ਗਿਆ ਸੀ, ਕੁਝ ਚਿਰ 'ਮਾਂ... ਮਾਂ...' ਦੀ ਆਵਾਜ਼ ਆਉਂਦੀ ਰਹੀ।

ਮਾਂ ਦੀ ਜਦ ਹੋਸ਼ ਪਰਤੀ ਤਾਂ ਦੁਹੱਥੜ ਮਾਰਕੇ ਚੀਕਦੀ ਹੋਈ ਬੋਲੀ, "ਵੇ ਪੁੱਤਾ! ਇਹ ਕੀ ਕਰ'ਤਾ ਵੇ? ਸਾਡਾ ਬੁਢਾਪਾ ਰੋਲ'ਤਾ... ਤੂੰ ਨਾ ਵੀ ਕਮਾਉਂਦਾ ਤੇਰੇ ਆਸਰੇ ਬੁਢਾਪਾ ਕੱਟ ਲੈਂਦੇ... ਤੇਰੇ ਬਿਨਾਂ ਸਾਡਾ ਹੈ ਵੀ ਕੌਣ? ਪੱਟ ਕੇ ਸਿੱਟ'ਤਾ ਵੇ ਨਿਕੰਮਿਆ!"

ਮਾਂ-ਬਾਪ ਦਾ ਸਾਰਾ ਦਿਨ ਇਕ ਦੂਜੇ ਨੂੰ ਦਿਲਾਸਾ ਦਿੰਦਿਆਂ ਬੀਤਿਆ। ਅਗਲੀ ਸਵੇਰ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਖ਼ਬਰ ਸੀ, "ਏ.ਟੀ.ਐਮ. ਚੋਰਾਂ ਦੀ ਗ੍ਰਿਫਤਾਰੀ ਛੇਤੀ ਹੀ ਸੰਭਵ, ਸੀ.ਸੀ.ਟੀ.ਵੀ. ਕੈਮਰੇ ਰਾਹੀਂ ਚੋਰਾਂ ਦੀ ਪਛਾਣ ਹੋਈ..."

ਦੋਵਾਂ ਜੀਆਂ ਦੇ ਰਹਿੰਦੇ-ਖੂੰਹਦੇ ਸਾਹ ਵੀ ਸੂਤੇ ਗਏ। ਅਗਲੇ ਦਿਨ ਤੜਕੇ ਹੀ ਪੁਲਸ ਨੇ ਬੂਹਾ ਆ ਖੜਕਾਇਆ, ਅੰਦਰੋਂ ਕੋਈ ਹਰਕਤ ਨਾ ਦੇਖ ਪੁਲਸ



ਨੇ ਘੇਰਾ ਪਾ ਕੇ ਗੁਆਂਢੀਆਂ ਦੀ ਸਹਾਇਤਾ ਨਾਲ ਬੂਹਾ ਖੁਲ੍ਹਵਾ ਲਿਆ। ਅੰਦਰ ਮੰਜੀਆਂ 'ਤੇ ਦੋ ਲਾਸ਼ਾਂ ਪਈਆਂ ਸਨ, ਮੂੰਹਾਂ ਵਿਚੋਂ ਝੱਗ ਜਿਹੀ ਨਿੱਕਲ ਰਹੀ ਸੀ। ਮੇਜ਼ ਉੱਤੇ ਪਏ ਇਕ ਕਾਗਜ਼ 'ਤੇ ਲਿਖਿਆ ਹੋਇਆ ਸੀ, "ਪੁੱਤ ਦੀ ਹਰਕਤ ਤੋਂ ਨਿਰਾਸ਼ ਹੋ ਕੇ... ਬਾਕੀ ਦੀ ਉਮਰ ਜ਼ਲੀਲ ਹੋਣ ਤੋਂ ਚੰਗਾ ਹੈ ਕਿ ਅਸੀਂ ਇਹ ਦੁਨੀਆਂ ਹੀ ਛੱਡ ਜਾਈਏ।"

# ਮਾਂ ਦਾ ਦਿਲ

ਬਾਤ ਉਸ ਮੁਲਕ ਦੀ ਹੈ, ਜਿੱਥੇ 'ਖ਼ੂਨ ਬਦਲੇ ਖ਼ੂਨ' ਤੇ 'ਅੱਖ ਬਦਲੇ ਅੱਖ' ਦਾ ਕਾਨੂੰਨ ਚੱਲਦਾ ਹੈ। ਪਿੰਡ ਦੇ ਸਧਾਰਨ ਪਰਿਵਾਰ ਦੀ ਕੁੜੀ ਰੱਜੋ ਨੇ ਜਦੋਂ ਅਮੀਰਜ਼ਾਦੇ ਸ਼ੌਕਤ ਦੇ ਵਿਆਹ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਤਾਂ ਉਹ ਅੱਗ ਬਬੂਲਾ ਹੋ ਉੱਠਿਆ। ਉਸ ਦਰਿੰਦੇ ਨੇ ਰੱਜੋ ਦਾ ਬਲਾਤਕਾਰ ਕਰਨ ਪਿਛੋਂ ਗਲ ਘੁੱਟ ਕੇ ਉਹਨੂੰ ਜਾਨੋਂ ਹੀ ਮਾਰ ਦਿੱਤਾ। ਦੁੱਖ, ਸਦਮੇ ਅਤੇ ਬੇਬਸੀ ਵਿੱਚ ਪਰੇਸ਼ਾਨ ਪਰਿਵਾਰ ਦੀ ਪੰਚਾਇਤ ਅਤੇ ਮੋਹਤਬਰਾਂ ਨੇ ਕੋਈ ਗੱਲ ਨਾ ਸੁਣੀ ਤਾਂ ਅਖੀਰ ਹਾਰ ਕੇ ਉਹਨਾਂ ਅਦਾਲਤ ਦਾ ਦਰਵਾਜ਼ਾ ਜਾ ਖੜਕਾਇਆ। ਗਹਿਰੀ ਪੁੱਛ-ਪੜਤਾਲ ਤੋਂ ਬਾਅਦ ਸ਼ੌਕਤ ਨੂੰ ਕਤਲ ਦਾ ਦੋਸ਼ੀ ਪਾਇਆ ਗਿਆ ਅਤੇ ਮੌਤ ਦੀ ਸਜ਼ਾ ਸੁਣਾਈ ਗਈ, ਨਾਲ ਹੀ ਹੁਕਮ ਕੀਤਾ ਗਿਆ ਕਿ ਸਾਰੇ ਪਿੰਡ ਦੇ ਸਾਹਮਣੇ ਰੱਜੋ ਦੀ ਮਾਂ ਸ਼ੌਕਤ ਨੂੰ ਜ਼ਹਿਰ ਦਾ ਪਿਆਲਾ ਦੇ ਕੇ ਸਜ਼ਾ ਨੂੰ ਅੰਜਾਮ ਦੇਵੇਗੀ। ਦੁਖੀ ਪਰਿਵਾਰ ਨੂੰ ਰਾਹਤ ਵੀ ਮਹਿਸੂਸ ਹੋਈ ਤੇ ਬਦਲੇ ਦੀ ਅੱਗ ਵੀ ਭੜਕ ਉੱਠੀ।

ਮੁਕੱਰਰ ਦਿਨ ਚੌਕ ਵਿੱਚ ਇਕੱਠੀ ਹੋਈ ਭੀੜ ਸਾਹਮਣੇ ਜ਼ਹਿਰ ਦਾ ਪਿਆਲਾ ਰੱਜੋ ਦੀ ਮਾਂ ਨੂੰ ਫੜਾ ਦਿੱਤਾ ਗਿਆ, ਉਸ ਨੇ ਹੌਲੀ ਹੌਲੀ ਕਾਤਿਲ ਵੱਲ ਕਦਮ ਵਧਾਏ, ਆਪਣੇ ਦੁੱਖ ਅਤੇ ਗਹਿਰੀ ਸੋਚ ਵਿੱਚ ਘਿਰੀ ਦੀ ਨਜ਼ਰ ਅਚਾਨਕ ਉਸ ਮਾਂ ਦੇ ਹੰਝੂਆਂ ਭਿੱਜੇ ਚਿਹਰੇ 'ਤੇ ਪਈ, ਜਿਸਨੂੰ ਉਹ ਦੁੱਖ ਦੇਣ ਜਾ ਰਹੀ ਸੀ। ਉਹਨੇ ਜ਼ੋਰ ਨਾਲ ਪਿਆਲਾ ਇੱਕ ਪਾਸੇ ਵਗਾਹ ਮਾਰਿਆ ਤੇ ਗੋਡੇ ਟੇਕ ਕੇ ਉੱਚੀ ਆਵਾਜ਼ ਵਿੱਚ ਬੋਲੀ, "ਯਾ ਅੱਲਾਹ! ਮੈਂ ਇਹ ਕੀ ਗੁਨਾਹ ਕਰਨ ਜਾ ਰਹੀ ਸੀ, ਮੈਂ ਤੇਰੀ ਦਰਗਾਹ ਵਿੱਚ ਗੁਨਾਹਗਾਰ ਹੋ ਕੇ ਨਹੀਂ ਆਵਣਾ... ਮੈਨੂੰ ਬਖਸ਼ ਲਵੀਂ... ਮੈਨੂੰ ਬਖਸ਼ ਲਵੀਂ ਮੇਰੇ ਮੌਲਾ!"

ਉਹ ਲਗਭਗ ਚੀਕਦੀ ਹੋਈ ਭੀੜ ਨੂੰ ਚੀਰਦੀ ਭੱਜ ਗਈ।

ੴ



# ਕਿਰਦਾਰ ਤੇ ਕਰਾਮਾਤ

ਦਰਵਾਜ਼ੇ ਦੀ ਘੰਟੀ ਵੱਜਦਿਆਂ ਹੀ ਇੱਕ ਸਿੱਧੇ-ਸਾਦੇ ਖੁੱਲ੍ਹੀ ਦਾਹੜੀ ਵਾਲੇ ਆਦਮੀ ਨੂੰ ਅੰਦਰ ਆਉਂਦੇ ਦੇਖ ਵਕੀਲ ਸਾਹਿਬ ਬਾਹਰ ਆ ਕੇ ਰੋਹਬਦਾਰ ਆਵਾਜ਼ ਵਿੱਚ ਬੋਲੇ, "ਹਾਂ ਜੀ! ਕਿਵੇਂ ਆਏ?"

"ਸਰ, ਪੀ. ਜੀ. ਆਈ. ਵਿੱਚ ਇਕ ਗੰਭੀਰ ਰੋਗੀ ਦੇ ਆਪਰੇਸ਼ਨ ਲਈ ਕੁਝ ਮੱਦਦ..."

"ਚਲੋ ਚਲੋ! ਏਥੋਂ ਕੋਈ ਚੰਦਾ ਨਹੀਂ ਮਿਲਣਾ"

ਪਰ ਉਹ ਮੁਸਕੁਰਾਉਂਦਾ ਹੋਇਆ ਚਾਰ ਕਦਮ ਚੱਲ ਕੇ ਵਕੀਲ ਸਾਹਿਬ ਦੇ ਹੋਰ ਨੇੜੇ ਹੋ ਗਿਆ।

"ਬੜੀ ਗਰਮੀ ਹੈ ਤੇ ਉਮਰ ਦੀ ਥਕਾਵਟ ਵੀ... ਸਰਦਾਰ ਸਾਹਿਬ! ਪਾਣੀ ਦਾ ਗਲਾਸ ਤਾਂ ਪਿਲਾ ਸਕੋਗੇ?"

"ਪਿਆ ਦੇਨਾਂ! ਏਥੇ ਹੀ ਖੜ੍ਹੋ..."

ਪਾਣੀ ਪੀ ਕੇ ਉਸ ਮੁੜ੍ਹਕਾ ਪੂੰਝਿਆ ਤੇ "ਰੱਬ ਤੁਹਾਡਾ ਭਲਾ ਕਰੇ..." ਕਹਿ ਕੇ ਜਾਣ ਲਈ ਮੁੜ ਪਿਆ। ਗੁੱਸੇ ਅਤੇ ਖਿਝ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਵਕੀਲ ਸਾਹਿਬ ਬੁੜਬੁੜਾਏ, "ਤੁਹਾਡੇ ਵਰਗਿਆਂ ਦੀ ਤਾਂ ਮੈਂ ਤਲੀ 'ਤੇ ਥੁੱਕਦਾ ਵੀ ਨਹੀਂ, ਖੌਰੇ ਕਿੱਥੋਂ ਕਿੱਥੋਂ ਤੁਰੇ ਆਉਂਦੇ ਨੇ..."

ਉਹ ਆਦਮੀ ਲਗਭਗ ਹੱਸਦੇ ਹੋਏ ਬੋਲਿਆ, "ਸਾਡੀ ਐਨੀ ਕਿਸਮਤ ਕਿੱਥੇ ਕਿ ਤੁਹਾਡਾ ਥੁੱਕ ਸਾਡੀ ਤਲੀ 'ਤੇ ਆਵੇ, ਉਹ ਤਾਂ ਆਪ ਜੀ ਦੇ ਮੂੰਹ 'ਚ ਹੀ ਸੋਭਦਾ ਹੈ"

ਉਸ ਦੀ ਸਹਿਜਤਾ ਅਤੇ ਹਲੀਮੀ ਨੇ ਵਕੀਲ ਸਾਹਿਬ ਦੇ ਚਿਹਰੇ ਤੋਂ ਸਖਤੀ ਅਤੇ ਰੋਹਬ ਦਾ ਰੰਗ ਉਡਾ ਦਿੱਤਾ, ਨਰਮ ਲਹਿਜ਼ੇ ਵਿੱਚ ਬੋਲੇ, "ਸ਼ਕਲ-ਸੂਰਤ ਤੋਂ ਤਾਂ ਤੁਸੀਂ ਇਹੋ ਜਿਹੇ ਨਹੀਂ ਲੱਗਦੇ, ਫਿਰ ਮੰਗਣ ਵਰਗਾ ਨਖਿੱਧ ਕੰਮ...?"

"ਸਰਦਾਰ ਸਾਹਿਬ! ਮੈਂ ਇਹ ਕੰਮ ਮਜਬੂਰੀ ਵੱਸ ਕਰਦਾ ਹਾਂ, ਜਦੋਂ ਮਾਲਕ ਦਾ ਹੁਕਮ ਹੁੰਦਾ ਹੈ ਕਿ ਫਲਾਣੇ ਬੰਦੇ ਨੂੰ ਤੁਹਾਡੀ ਮਦਦ ਦੀ ਲੋੜ ਹੈ ਤਾਂ ਮੈਂ ਸਭ ਕੁਝ ਭੁੱਲ ਉਸੇ ਕਾਰਜ ਵਿੱਚ ਲੱਗ ਜਾਂਦਾ ਹਾਂ, ਵੈਸੇ ਮੈਂ ਚੰਗੀ ਨੌਕਰੀ 'ਤੇ ਲੱਗਾ ਹਾਂ ਤੇ ਸੋਹਣਾ ਗੁਜ਼ਾਰਾ ਹੈ"

"ਅੰਦਰ ਚੱਲੋ! ਬੈਠਕੇ ਗੱਲ ਕਰਦੇ ਹਾਂ"

ਸੋਫੇ 'ਤੇ ਬਹਿੰਦਿਆਂ ਹੀ ਉਹਨੇ ਮਰੀਜ਼ ਦੇ ਕਾਗਜ਼ਾਂ ਦੀ ਫੋਟੋਕਾਪੀ ਵਿਚਕਾਰਲੇ ਮੇਜ਼ 'ਤੇ ਰੱਖ ਦਿੱਤੀ।

ਵਕੀਲ ਸਾਹਿਬ ਉਹਨਾਂ ਉੱਤੇ ਓਪਰੀ ਜਿਹੀ ਨਜ਼ਰ ਮਾਰਦੇ ਬੋਲੇ, "ਕੀ ਤੁਸੀਂ ਸੱਚ ਕਹਿ ਰਹੇ ਓ?"

"ਝੂਠ ਬੋਲ ਕੇ ਮੈਂ ਤੁਹਾਡੇ ਤੋਂ ਕੀ ਲੈਣਾ ਹੈ? ਹਿਮਾਚਲ ਦੇ ਦੂਰ ਦੁਰਾਡੇ ਪਿੰਡ ਤੋਂ ਆਇਆ ਇਕ ਪਰਿਵਾਰ ਮੁਸ਼ਕਿਲ ਵਿੱਚ ਹੈ, ਰੋਟੀ ਕਮਾਉਣ ਵਾਲੇ ਦਾ ਦਿਲ ਦਾ ਆਪਰੇਸ਼ਨ ਹੋਣੈ, ਲੱਖ ਰੁਪਏ ਇਕੱਠੇ ਕਰਨੇ ਨੇ, ਕਰ ਲਵਾਂਗੇ, ਪਰ ਤੁਸੀਂ ਮੈਨੂੰ ਕਿਉਂ ਬਿਠਾ ਲਿਆ? ਤੁਸੀਂ ਤਾਂ ਕੁਝ ਦੇਣਾ ਨਹੀਂ, ਤਲੀ 'ਤੇ ਥੁੱਕਣਾ ਵੀ ਨਹੀਂ"

"ਇਕ ਮਿੰਟ ਰੁਕੋ..." ਕਹਿਕੇ ਵਕੀਲ ਸਾਹਿਬ ਚੈੱਕ-ਬੁੱਕ ਚੁੱਕ ਲਿਆਏ, ਇੱਕ ਚੈੱਕ ਉੱਤੇ ਦਸਤਖ਼ਤ ਕਰਕੇ ਫੜਾਉਂਦੇ ਬੋਲੇ, "ਜਿੰਨੇ ਮਰਜ਼ੀ ਭਰ ਲਓ..."

"ਮੈਂ ਆਮ ਲੋਕਾਂ ਤੋਂ ਜਿੰਨੇ ਮਿਲਦੇ ਨੇ ਉਨੇ ਹੀ... ਪੰਜ ਸੌ ਰੁਪਏ ਹੀ ਭਰਾਂਗਾ"

ੴ



## ਪੱਛਮ ਵਿਚ ਖੁਰਦਾ ਪੂਰਬ

ਏਕਮ ਸਿੰਘ ਪੱਚੀ ਕੁ ਸਾਲ ਪਹਿਲਾਂ ਅਮਰੀਕਾ ਜਾ ਕੇ ਵਸ ਗਿਆ ਸੀ। ਪਿਛੋਕੜ ਨਾਲ ਜੁੜਿਆ ਉਹ ਚੰਗੀਆਂ ਕਦਰਾਂ-ਕੀਮਤਾਂ ਤੇ ਧਾਰਮਿਕ ਵਿਚਾਰਾਂ ਕਰਕੇ ਸਾਬਤ-ਸੂਰਤ ਸਿੱਖ ਹੀ ਰਿਹਾ। ਪਰ ਉਸ ਦੇ ਦੋਵੇਂ ਪੁੱਤਰ ਪੱਛਮੀ ਪ੍ਰਭਾਵ ਕਾਰਨ ਕਦੋਂ ਦੇ ਕੇਸ ਕਤਲ ਕਰਵਾ ਚੁੱਕੇ ਸਨ ਅਤੇ ਹੁਣ ਤਾਂ ਪੁੰਗਰਦੀ ਦਾੜ੍ਹੀ ਮੁੱਛ ਵੀ ਬਲੇਡ ਦੀ ਮਾਰ ਹੇਠ ਆ ਗਈ ਸੀ। ਘਰੇ ਵੀ ਅੱਧੀ ਤੋਂ ਜ਼ਿਆਦਾ ਅੰਗਰੇਜ਼ੀ ਬੋਲਦੇ ਉਹ ਇੰਗਲਸ਼ ਗਾਣਿਆਂ ਤੇ ਨਾਚ ਦੇ ਮੁਦਈ ਹੋ ਚੱਲੇ ਸੀ।

ਭਲਕੇ ਛੋਟਾ ਵਿੱਕੀ ਯੂਨੀਵਰਸਿਟੀ ਦੀ ਪੜ੍ਹਾਈ ਲਈ ਦੂਜੇ ਸ਼ਹਿਰ ਜਾਣ ਵਾਲਾ ਸੀ। ਕੋਲ ਬਿਠਾ ਏਕਮ ਨੇ ਪਿਆਰ ਤੇ ਠਰੰਮੇ ਨਾਲ ਕਿਹਾ, "ਬੇਟਾ! ਮੈਂ ਜਦ ਤੇਰੀ ਉਮਰ ਦਾ ਸੀ ਤਾਂ ਮੇਰੇ ਬਾਪ ਨੇ ਮੈਨੂੰ ਕਿਹਾ ਸੀ ਕਿ ਪੁੱਤਰ! ਤਿੰਨ ਗੱਲਾਂ ਲੜ ਨਾਲ ਬੰਨ੍ਹ ਲੈ, ਤੇਰੇ ਕੰਮ ਆਉਣਗੀਆਂ ਤੇ ਉਹ ਆਈਆਂ ਵੀ... ਅੱਜ ਉਹੀ ਤੈਨੂੰ ਦੱਸਣ ਲੱਗਾਂ, ਆਪਣੀ ਮਾਂ-ਬੋਲੀ ਨਾ ਭੁੱਲੀਂ, ਵਾਹਿਗੁਰੂ ਨੂੰ ਚੇਤੇ 'ਚ ਰੱਖੀਂ ਅਤੇ ਵੱਡਿਆਂ ਦੀ ਇਜ਼ਤ ਤੇ ਦੇਖ-ਭਾਲ ਕਰੀਂ... ਮੈਂ ਇਹ ਤਿੰਨੇ ਗੱਲਾਂ ਹੀ ਯਾਦ ਰੱਖੀਆਂ ਤੇ ਪੁਗਾਈਆਂ..."

ਵਿੱਚੋਂ ਹੀ ਕਾਹਲਾ ਪੈਂਦਾ ਵਿੱਕੀ ਬੋਲਿਆ, "ਆਈ ਕਾਂਟ ਡੂ ਦੈਟ ਡੈਡ! ਹਾਓ ਕੈਨ ਆਈ ਲਿਵ ਵਿਦ ਓਲਡ ਵੇਜ਼ ਆਫ ਲਾਈਫ? ਵੁਈ ਲਿਵ ਇਨ ਅਮੈਰਿਕਾ, ਮਾਈ ਫਰੈਂਡਜ਼ ਵਿਲ ਨੈਵਰ ਐਕਸੈਪਟ ਮੀ..."

ਏਕਮ ਸਿੰਘ ਦੀਆਂ ਅੱਖਾਂ ਸਾਹਮਣੇ ਧੁੰਦ ਫੈਲ ਰਹੀ ਸੀ।

ੴ

## ਮੋਈ ਉਡੀਕ ਦਾ ਮਰਸੀਆ

ਲੰਮੇ ਸਮੇਂ ਤੋਂ ਬਾਅਦ ਘਰ ਦੇ ਸਾਰੇ ਜੀਅ, ਦੋ ਭੈਣਾਂ ਤੇ ਤਿੰਨ ਭਰਾ ਆਪਣੇ ਪਰਿਵਾਰਾਂ ਸਮੇਤ ਇਕੱਠੇ ਹੋਏ। ਮਾਹੌਲ ਬੜਾ ਗ਼ਮਗੀਨ ਅਤੇ ਸੰਜੀਦਾ ਸੀ। ਖ਼ਾਮੋਸ਼ੀ ਨੂੰ ਤੋੜਦਿਆਂ ਵੱਡੀ ਭੈਣ ਤਰੁਣਾ ਨੇ ਕਿਹਾ, "ਵੀਰੇ! ਯਾਦ ਐ? ਛੋਟੇ ਹੁੰਦੇ ਲੁਕਣਮੀਚੀ ਖੇਡਦਿਆਂ ਮੈਂ ਉਸ ਅਲਮਾਰੀ 'ਤੇ ਚੜ੍ਹ ਕੇ ਲੁਕ ਗਈ ਤੇ ਫਿਰ ਉਥੇ ਹੀ ਸੌਂ ਗਈ ਸੀ"

ਵੱਡੇ ਭਰਾ ਵਰੁਣ ਦੇ ਮੂੰਹ 'ਤੇ ਫਿੱਕੀ ਜਿਹੀ ਮੁਸਕਾਨ ਆਈ। ਉਸ ਤੋਂ ਛੋਟੀ ਕਰੁਣਾ ਸਭ ਤੋਂ ਛੋਟੇ ਅਰੁਣ ਦੇ ਮੋਢੇ 'ਤੇ ਹੱਥ ਰੱਖ ਕੇ ਬੋਲੀ, "ਤੇ ਇਹ ਭੋਲਾ ਪਾਤਸ਼ਾਹ ਆਪਣੀ ਖੇਡ 'ਚ ਐਵੇਂ ਹੀ ਵੱਜਦਾ ਫਿਰਦਾ ਹੁੰਦਾ ਸੀ, ਇਹਨੂੰ ਕਹਿਣਾ ਲੁਕ ਜਾ, ਤਾਂ ਇਹ ਜਾ ਕੇ ਕੋਨੇ 'ਚ ਖੜੋ ਜਾਂਦਾ ਤੇ ਅੱਖਾਂ ਮੀਟ ਲੈਂਦਾ"

ਗ਼ਮ ਦੇ ਬੱਦਲ ਕੁਝ ਛਟਣ ਲੱਗੇ। ਤਰੁਣਾ ਫਿਰ ਬੋਲੀ, "ਇਹ ਯਾਦਾਂ ਦੇ ਖਜ਼ਾਨੇ ਹਮੇਸ਼ਾ ਸਾਡੇ ਨਾਲ ਰਹਿਣਗੇ" ਸਭ ਤੋਂ ਵੱਡਾ ਸੰਜੀਵ ਸਿਰ ਹਿਲਾਉਂਦਾ ਫੁਸਫੁਸਾਇਆ, "ਪਰ ਜਿਹੜਾ ਖਜ਼ਾਨਾ ਅਸੀਂ ਅੱਜ ਗੁਆ ਲਿਆ, ਉਹ ਮੁੜ ਕੇ ਨਹੀਂ ਮਿਲਣਾ" ਫਿਰ ਕੁਝ ਸੰਭਲ ਕੇ ਰੁਮਾਲ ਨਾਲ ਅੱਖਾਂ ਪੂੰਝਦਾ ਬੋਲਿਆ, "ਮੈਨੂੰ ਸਾਰੀ ਉਮਰ ਏਹੀ ਪਛਤਾਵਾ ਤੇ ਦੁੱਖ ਰਹੂਗਾ ਕਿ ਅਸੀਂ ਸਾਰਿਆਂ ਨੇ ਮਾਂ ਦੇ ਪੈਨਸ਼ਨ-ਲਾਭ ਦੇ ਪੈਸਿਆਂ ਬਾਰੇ ਆਪਸ 'ਚ ਲੜ ਕੇ ਮਾਂ ਨੂੰ ਦੁਖੀ ਕੀਤਾ ਤੇ ਉਸ ਤੋਂ ਵੱਡੀ ਗੱਲ ਕਿ ਮੁੜਕੇ ਇਕ ਦੂਜੇ ਨੂੰ ਮਿਲੇ ਵੀ ਨਾ... ਮਾਂ ਨੇ ਕਿੰਨੇ ਸੁਨੇਹੇ ਭੇਜੇ... ਚਿੱਠੀਆਂ ਪਾਈਆਂ... ਪਰ ਅਸੀਂ..." ਸੰਜੀਵ ਦੇ ਹੰਝੂ ਵਗ ਤੁਰੇ।

ਅਰੁਣ, ਜਿਹਦੇ ਕੋਲ ਮਾਂ ਰਹਿੰਦੀ ਸੀ, ਬੋਲਿਆ, "ਮਾਂ ਨੂੰ ਤਾਂ ਤੁਹਾਡਾ ਸਾਰਿਆਂ ਦਾ ਵਿਛੋੜਾ ਈ ਲੈ ਗਿਆ... ਆਖਰੀ ਵੇਲੇ ਵੀ ਉਹਦੀਆਂ ਅੱਖਾਂ ਦਰਵਾਜ਼ੇ 'ਤੇ ਈ ਲੱਗੀਆਂ ਰਹੀਆਂ..."

ਬਾਕੀ ਭੈਣ-ਭਰਾ ਆਪਣੇ ਰੁਝੇਵੇਂ ਤੇ ਆਉਣ ਬਾਰੇ ਬਣਾਏ ਪਰੋਗ੍ਰਾਮਾਂ ਬਾਰੇ ਦੱਸਣ ਲਈ ਉਤਾਵਲੇ ਜਾਪੇ। ਕੋਲ ਬੈਠੇ ਉਹਨਾਂ ਦੇ ਚਾਚਾ ਜੀ ਸਭ ਦੇਖ-ਸੁਣ ਰਹੇ ਸੀ। ਲੰਮਾ ਹਉਕਾ ਲੈ ਕੇ ਉਹ ਉੱਠ ਖੜ੍ਹੇ ਤੇ ਜਾਂਦੇ ਹੋਏ ਬੋਲੇ, "ਇਕ ਵਿਧਵਾ ਮਾਂ ਨੇ ਤੁਹਾਨੂੰ ਸਾਰਿਆਂ ਨੂੰ ਪਾਲਿਆ ਪੋਸਿਆ... ਪੜ੍ਹਾ



ਲਿਖਾ ਕੇ ਕਾਬਲ ਬਣਾਇਆ... ਤੁਹਾਨੂੰ ਪਰਿਵਾਰ ਵਾਲੇ ਬਣਾਇਆ ਤੇ ਤੁਸੀਂ ਸਾਰੇ ਇਕ ਮਾਂ ਨੂੰ ਨਹੀਂ ਸਾਂਭ ਸਕੇ... ਅੰਦਰੇ-ਅੰਦਰ ਤੜਪਦੀ ਕੁਰਲਾਉਂਦੀ ਵਿਚਾਰੀ ਤੁਰ'ਗੀ... ਅੱਜ ਇਹਨਾਂ ਗੱਲਾਂ ਨਾਲ ਕੀਹਨੂੰ ਸੁਖ ਦੇਣ ਆਏ ਓ?... ਜਾਓ ਆਪਣੇ ਆਪਣੇ ਘਰਾਂ ਨੂੰ..."

ੴ

## ਯੂਅਰ ਪ੍ਰਾਬਲਮ

"ਹੈਲੋ ਰੂਪੀ! ਮੈਂ ਬੋਲਦਾਂ, ਬਲਕਾਰ"

"ਹਾਇ ਬੱਲੀ...! ਦੇਸ ਜਾ ਕੇ ਭੁੱਲ ਹੀ ਗਿਆ"

"ਨਹੀਂ ਡਾਰਲਿੰਗ! ਇਹ ਕਿਵੇਂ ਹੋ ਸਕਦੈ... ਸੌਰੀ... ਵੱਡੀ ਸਾਰੀ ਸੌਰੀ... ਕੰਮ 'ਚ ਟਾਈਮ ਹੀ ਨਹੀਂ ਮਿਲਿਆ..."

"ਤਿਆਰੀ ਹੋ'ਗੀ?"

"ਬਾਕੀ ਰਹਿੰਦੀ ਜ਼ਮੀਨ ਤੇ ਮਕਾਨ ਵਗੈਰਾ ਦਾ ਤਾਂ ਸੌਦਾ ਹੋ ਗਿਆ... ਬਸ ਹੁਣ ਤਾਂ ਇਕ ਵੀਕ ਹੀ ਰਹਿ ਗਿਆ, ਫਿਰ ਸਾਰਾ ਪਰਿਵਾਰ ਇਕੱਠਾ, ਤੈਨੂੰ ਪਤੈ ਬੀਬੀ-ਬਾਪੂ ਦੀ ਪੀ. ਆਰ. ਵੀ ਆ'ਗੀ ਐ?"

"ਕੀ ਮਤਲਬ? ਤੇਰੇ ਮਾਂ-ਪਿਓ ਏਥੇ ਸਾਡੇ ਵਿਚ ਰਹਿਣਗੇ?... ਨੋ... ਨੋ... ਮੈਂ ਨਹੀਂ ਬਰਦਾਸ਼ਤ ਕਰ ਸਕਦੀ"

"ਡਾਰਲਿੰਗ! ਉਹ ਆਪਣੇ ਮਾਤਾ-ਪਿਤਾ ਨੇ..."

"ਮਾਤਾ ਪਿਤਾ?... ਮਾਈ ਫੁੱਟ... ਓਲਡਮੈਨ ਸਵੇਰੇ ਹੀ ਉਚੀ-ਉਚੀ ਟੀ.ਵੀ. ਲਾ ਲੈਂਦਾ... ਖਾਣੇ 'ਚ ਉਹਨੂੰ ਕੁਸ਼ ਪਸੰਦ ਹੀ ਨਹੀਂ... ਉਤੋਂ ਐਕਸਪੈਕਟ ਕਰਦਾ ਮੈਂ ਜੌਬ ਵੀ ਕਰਾਂ... ਤੇ ਮਾਂ ਤੇਰੀ ਉਦਾਂ ਈ ਲੜਨ ਦੇ ਬਹਾਨੇ ਭਾਲਦੀ ਐ... ਨੋ ਵੇਅ..."

"ਰੂਪੀ, ਓਲਡਮੈਨ ਨੇ ਤਕਰੀਬਨ ਸਾਰੀ ਜ਼ਮੀਨ ਵੇਚ ਕੇ ਆਪਾਂ ਨੂੰ ਘਰ ਲੈ ਕੇ ਦਿੱਤੈ, ਹੁਣ ਮੈਂ ਕਿਹੜੇ ਮੂੰਹ ਨਾਲ ਕਹੂੰ ਕਿ ਤੁਸੀਂ ਵੱਖਰੇ ਰਹਿ ਲਓ?"

"ਇਟਸ ਯੂਅਰ ਪ੍ਰਾਬਲਮ ਬਲਕਾਰ! ਫਰੌਮ ਮਾਈ ਸਾਈਡ ਬਿਗ ਨੋ..."

"ਰੂਪੀ ਡਾਰਲਿੰਗ, ਜਹਾਜ਼ ਤੋਂ ਉਤਰ ਕੇ ਮੈਂ ਉਹਨਾਂ ਨੂੰ ਕਿਥੇ ਲਿਜਾਊਂ?"

"ਬਸ, ਤੇਰੀ ਖਾਤਿਰ ਏਨਾ ਕਰ ਸਕਦੀ ਹਾਂ ਕਿ ਬੇਸਮੈਂਟ ਲੱਭ ਦਿਆਂ, ਉਹਨਾਂ ਨੂੰ ਸਿੱਧਾ ਉਥੇ ਛੱਡ ਕੇ ਫੇਰ ਘਰ ਆਈਂ"

"ਏਦਾਂ ਕਿਵੇਂ ਹੋ ਸਕਦੈ?"

"ਘਰ ਦੇ ਲੌਕ ਬਦਲ ਦੇਣੇ ਐ ਮੈਂ, ਜੇ ਜ਼ਬਰਦਸਤੀ ਵੜਨ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਬੁਲਾ ਲਊਂ, ਵੱਡਾ ਤਮਾਸ਼ਾ ਹੋਊ ਫਿਰ..."

"ਰੂਪੀ ਪਲੀਜ਼..."

ਫੋਨ ਕੱਟਿਆ ਜਾ ਚੁੱਕਾ ਸੀ।



## ਬੇੜੀਆਂ

ਹਸਪਤਾਲੋਂ ਆ ਕੇ ਨਛੱਤਰ ਸਿੰਘ ਆਪਣੀ ਤਿੰਨ-ਮੰਜ਼ਿਲੀ ਕੋਠੀ ਦੇ ਵਿਹੜੇ ਵਿਚ ਬੈਠਾ ਸੀ ਕਿ ਉਹਦਾ ਜਮਾਤੀ ਕੇਹਰ ਸਿੰਘ ਖ਼ਬਰ ਲੈਣ ਆ ਗਿਆ, "ਸੁਣਾ ਬਈ ਨਛੱਤਰਾ? ਤੈਨੂੰ ਤਾਂ ਯਾਰ ਦਿਲ ਦਾ ਦੌਰਾ ਈ ਪੈ ਗਿਆ, ਹੁਣ ਕੀ ਹਾਲ ਐ?"

"ਦਸਦਾਂ ਦਸਦਾਂ ਕਾਹਲਾ ਨਾ ਪੈ"

"ਇਕੋ ਸਾਡਾ ਯਾਰ, ਉਹ ਵੀ ਮਹਿਲ ਅਰਗੀ ਕੋਠੀ 'ਚ 'ਕੱਲਾ ਰਹੇ, ਚਿੰਤਾ ਤਾਂ..."

"ਹੁਣ ਜਮ੍ਹਾ ਈ ਠੀਕ ਆਂ ਵੱਡੇ ਭਾਈ"

"ਸ਼ੁਕਰ ਐ, ਇਕ ਗੱਲ ਕਹਾਂ, ਗੁੱਸਾ ਨਾ ਕਰੀਂ, ਇਕੋ ਇਕ ਤੇਰਾ ਮੁੰਡਾ, ਉਹਨੂੰ ਵੀ ਭੇਜ ਛੱਡਿਆ ਨਿਊਜ਼ੀਲੈਂਡ, ਤੂੰ 'ਕੱਲੀ ਜਾਨ ਏਥੇ, ਉਹ ਤਾਂ ਚਲੋ ਤੂੰ ਛੇਤੀ ਠੀਕ ਹੋ ਗਿਆ, ਜੇ ਬਾਹਲਾ ਸੀਰੀਅਸ ਹੋ ਜਾਂਦਾ ਫੇਰ? ਨੌਕਰਾਂ ਦੇ ਵਸ ਨਹੀਂ ਹੁੰਦਾ ਸਭ ਕੁਸ਼?"

"ਯਾਰ, ਕੀ ਕਰਾਂ? ਹੋਰ ਕੋਈ ਚਾਰਾ ਵੀ ਤਾਂ ਨਹੀਂ?"

"ਮੇਰੀ ਮੰਨ, ਕਿਸੇ ਲੋੜਵੰਦ ਵਿਧਵਾ ਨਾਲ ਵਿਆਹ..."

"ਨਾ ਨਾ ਕੇਹਰ ਸਿਆਂਹ, ਇਹ ਨਹੀਂ ਹੋ ਸਕਦਾ, ਲੋਕੀ ਕੀ ਕਹਿਣਗੇ?"

"ਯਾਰ, ਤੇਰੀ ਕਿਹੜੀ ਏਨੀ ਉਮਰ ਹੋ'ਗੀ, ਨਾਲੇ ਲੋਕਾਂ ਦੀ ਬਹੁਤੀ ਪਰਵਾਹ ਨਾ ਕਰ, ਉਹ ਕਿਹੜਾ ਬਮਾਰੀ ਠਮਾਰੀ 'ਚ ਤੇਰੀ ਟਹਿਲ-ਸੇਵਾ ਕਰਨਗੇ?"

"ਜੇ ਨਵੀਂ ਘਰਵਾਲੀ ਨੇ ਜ਼ਮੀਨ ਜਾਇਦਾਦ ਦੇ ਲਾਲਚ 'ਚ ਮੇਰੇ ਹਰਜੋਤ ਨੂੰ ਈ ਘਰੇ ਨਾ ਵੜਨ ਦਿੱਤਾ?"

"ਹੋ ਸਕਦੈ ਉਹ ਸਿਆਣੀ ਨਿੱਕਲੇ, ਤੈਨੂੰ ਤੇ ਤੇਰੇ ਪੁੱਤ ਨੂੰ ਫੁੱਲਾਂ ਅੰਗੂ ਰੱਖੇ, ਸਾਰੀਆਂ ਜਨਾਨੀਆਂ ਮਾੜੀਆਂ ਨੀ ਹੁੰਦੀਆਂ"

ਏਨੇ ਨੂੰ ਪੁਰਾਣਾ ਕਾਮਾ ਸਾਧੂ ਵੀ ਹਾਲ ਹਵਾਲ ਪੁੱਛਣ ਆ ਗਿਆ, "ਕਿਵੇਂ ਐਂ ਸਰਦਾਰਾ? ਕੀ ਅਹੁਰ ਪੈ'ਗੀ?"

ਕੇਹਰੂ ਨੇ ਸਾਰਾ ਹਾਲ ਦੱਸ ਕੇ ਫਿਰ ਨਛੱਤਰ ਨਾਲ ਗੱਲ ਤੋਰ ਲਈ, "ਆਹ ਦੇਖ, ਸਾਧੂ ਦੀ ਘਰ ਵਾਲੀ ਨੂੰ ਛੇ ਮਹੀਨੇ ਹੋਗੇ ਐ ਮਰੀ ਨੂੰ, ਇਹ

ਤਾਂ ਮਹੀਨੇ ਬਾਅਦ ਈ ਨਵਾਂ ਡੋਲਾ ਲੈ ਆਇਆ ਸੀ" ਸਾਧੂ ਛੇਤੀ ਨਾਲ ਬੋਲਿਆ, "ਸਰਦਾਰਾ! ਜੁਆਕਾਂ ਨੂੰ ਰੋਟੀ ਬਣਾ ਕੇ ਦਿੰਦਾ ਕਿ ਦਿਹਾੜੀ ਕਰਦਾ? ਮੇਰੇ ਜੁਆਕਾਂ ਨੂੰ ਕੌਣ ਸੰਭਾਲਦਾ?"

ਨਛੱਤਰ ਨੂੰ ਜਿਵੇਂ ਯਕੀਨ ਨਹੀਂ ਸੀ ਹੋ ਰਿਹਾ, ਪੁੱਛਣ ਲੱਗਿਆ, "ਤੇਰੇ ਜੁਆਕਾਂ ਦੀ ਦੇਖ-ਭਾਲ...?"

"ਹਾਂ ਹਾਂ, ਜੁਆਕਾਂ ਦੀ ਚੰਗੀ ਦੇਖ-ਭਾਲ ਹੁੰਦੀ ਐ, ਘਰ ਸੰਭਾਲ ਲਿਆ ਅਗਲੀ ਨੇ, ਹੁਣ ਮੈਨੂੰ ਕੋਈ ਫ਼ਿਕਰ ਨੀ"

ਦੋਵੇਂ ਮਿੱਤਰ ਮੁਸਕੁਰਾ ਪਏ, ਕੇਹਰੂ ਨਛੱਤਰ ਦੇ ਨੇੜੇ ਹੁੰਦਾ ਬੋਲਿਆ, "ਹਰਜੋਤ ਵਿਆਹ ਕਰਾਉਣ ਆਊਗਾ ਤੇ ਫਿਰ ਵਹੁਟੀ ਨਾਲ ਉਧਰ ਈ ਰਹੂ, ਜਾਂ ਖ਼ੌਰੇ ਉਧਰੇ ਈ ਵਿਆਹ ਕਰਾ ਲਵੇ, ਜਿਹਦੇ ਬਾਰੇ ਤੂੰ ਏਨਾ ਫ਼ਿਕਰਮੰਦ ਐਂ"

"ਫੇਰ ਵੀ..."

"ਤੂੰ ਸਮਝਦਾ ਕਿਉਂ ਨੀ ਯਾਰ? ਹਰਜੋਤ ਨੂੰ ਤੇਰੀ ਕਿੰਨੀ ਟੈਂਸ਼ਨ ਹੁੰਦੀ ਹੋਊ? ਦੂਜੀ ਘਰਵਾਲੀ ਤੇਰੀ ਸੇਵਾ ਕਰੂ, ਤੱਤਾ ਠੰਢਾ ਦੇਊ, ਜਾਇਦਾਦ ਦੀ ਸੰਭਾਲ 'ਚ ਸਹਾਈ ਹੋਊ ਤੇ ਸਭ ਤੋਂ ਵੱਡੀ ਗੱਲ ਹਰ ਵੇਲੇ ਤੇਰੇ ਕੋਲ ਹੋਊ, ਹੁਣ ਤੂੰ ਹਸਪਤਾਲ ਦਾਖਲ ਸੀ, ਕੋਈ ਰਿਸ਼ਤੇਦਾਰ ਰਿਹੈ ਤੇਰੇ ਨਾਲ?"

ਕੋਲੋਂ ਸਾਧੂ ਵੀ ਬੋਲ ਪਿਆ, "ਸਰਦਾਰ ਜੀ, ਬੜੀ ਨੇਕ ਸਲਾਹ ਐ, ਰੱਬ ਭਲੀ ਕਰੂ"

ਪਰ ਸੰਸਕਾਰਾਂ ਤੇ ਪੁੱਤਰ-ਮੋਹ ਵਿਚ ਬੱਝਿਆ ਨਛੱਤਰ ਇਹ ਨੇਕ ਸਲਾਹ ਨਹੀਂ ਮੰਨ ਸਕਿਆ।

ੴ



## ਇੰਤਜ਼ਾਮ

ਢਿਲੋਂ ਆਪਣੇ ਬੌਸ ਬਖਸ਼ੀ ਸਾਹਿਬ ਦੇ ਆਲੀਸ਼ਾਨ ਦਫਤਰ ਵਿੱਚ ਬੈਠਾ ਉਹਨਾਂ ਦੀ ਕਿਸਮਤ ਅਤੇ ਕਾਰਜਕੁਸ਼ਲਤਾ ਦੀ ਮਨ ਹੀ ਮਨ ਪ੍ਰਸ਼ੰਸਾ ਕਰ ਰਿਹਾ ਸੀ। ਤਦੇ ਬਖਸ਼ੀ ਸਾਹਿਬ ਉਸ ਕੋਲ ਸੋਫੇ ਉਤੇ ਆ ਬੈਠੇ। ਉਸ ਨੂੰ ਬੌਸ ਦਾ ਇਸ ਤਰ੍ਹਾਂ ਬੁਲਾਉਣਾ ਤੇ ਨਾਲ ਬੈਠਣਾ ਅਸਚਰਜ ਭਰੀ ਖ਼ੁਸ਼ੀ ਦੇ ਰਿਹਾ ਸੀ, ਆਖਿਰ ਉਹ ਇਸ ਅਦਾਰੇ ਵਿਚ ਇਕ ਮਾਮੂਲੀ ਅਫਸਰ ਹੀ ਤਾਂ ਸੀ।

"ਢਿਲੋਂ! ਆਪਣੀ ਬਹੁਤੀ ਜਾਣ-ਪਛਾਣ ਜਾਂ ਨੇੜਤਾ ਤਾਂ ਨਹੀਂ ਹੈ, ਬਟ ਆਈ ਨੋਅ ਯੂ ਆਰ ਏ ਡੈਡੀਕੇਟਿਡ ਐਂਡ ਕਮਿਟਡ ਆਫੀਸਰ, ਮੈਂ ਇਹ ਵੀ ਜਾਣਨਾਂ ਕਿ ਤੇਰੀ ਵਾਈਫ ਦੀ ਚਾਰ ਸਾਲ ਪਹਿਲਾਂ ਕੈਂਸਰ ਨਾਲ ਮੌਤ ਹੋ ਗਈ ਸੀ ਤੇ ਤੂੰ ਆਪਣੇ ਬੱਚਿਆਂ ਖਾਤਿਰ ਬਾਪ ਤੇ ਮਾਂ ਦੋਨੋਂ ਬਣਿਆ ਰਿਹੈਂ..."

"ਜੀ! ਬੱਚੇ ਤਾਂ ਹੁਣ ਆਸਟਰੇਲੀਆ ਚਲੇ ਗਏ"

"ਫਿਰ ਹੁਣ ਤੂੰ ਇਕੱਲਾ... ਕਿਵੇਂ...?"

"ਜੀ ਸਰ! ਇਕੱਲਾ ਰਹਿੰਨਾਂ, ਮਸਤ ਰਹਿੰਨਾਂ, ਕਦੇ ਰੋਟੀ ਘਰੇ ਬਣਾ'ਲੀ, ਕਦੇ ਬਾਹਰੋਂ ਖਾ'ਲੀ, ਥੋੜ੍ਹੀ ਬਹੁਤ ਸਮਾਜ-ਸੇਵਾ ਕਰ ਲਈਦੀ ਐ, ਮੈਡੀਟੇਸ਼ਨ ਵਾਸਤੇ ਕਾਫੀ ਸਮਾਂ ਮਿਲ ਜਾਂਦੈ..."

"ਗੁਡ, ਕਾਸ਼ ਹਰ ਕੋਈ ਤੇਰੇ ਵਾਂਗ ਆਜ਼ਾਦੀ ਮਾਣ ਸਕਦਾ" ਕਹਿੰਦਿਆਂ ਬਖਸ਼ੀ ਸਾਹਿਬ ਉਹਦੇ ਹੋਰ ਨੇੜੇ ਹੋ ਗਏ ਤੇ ਮੋਢੇ 'ਤੇ ਹੱਥ ਰੱਖਦਿਆਂ ਬੋਲੇ, "ਢਿਲੋਂ! ਆਈ ਐਮ ਇੰਪਰੈਸਡ ਵਿਦ ਯੂਅਰ ਪਰਫਾਰਮੈਂਸ, ਮੈਂ ਚਾਹੁੰਨਾਂ ਆਪਣੇ ਇਸ ਲਾਇਕ ਅਫਸਰ ਦੀ ਕੋਈ ਹੈਲਪ ਕਰਾਂ, ਥੱਕੇ ਹਾਰੇ ਘਰੇ ਗਏ ਨੂੰ ਤੈਨੂੰ ਰੋਟੀ ਲਈ ਹੱਥ ਨਾ ਸਾੜਨੇ ਪੈਣ..."

"ਸਰ ਜੀ! ਰੱਬ ਇਉਂ ਚਾਹੁੰਦਾ ਤਾਂ ਮੇਰੀ ਪਤਨੀ ਨੂੰ ਅਧਵਾਟੇ ਹੀ ਨਾ ਬੁਲਾ ਲੈਂਦਾ..."

ਚਾਹ ਦਾ ਖਾਲੀ ਕੱਪ ਮੇਜ਼ 'ਤੇ ਰੱਖਦਿਆਂ ਬਖਸ਼ੀ ਸਾਹਿਬ ਬੜੇ ਪਿਆਰ ਨਾਲ ਬੋਲੇ, "ਤੈਨੂੰ ਆਪਣਾ ਸਮਝ ਕੇ ਇਕ ਗੱਲ ਕਹਿ ਰਿਹਾਂ, ਕਿਸੇ ਖਾਸ ਦੋਸਤ ਨਾਲ ਮਿਲਾਉਣਾ ਚਾਹੁੰਨਾਂ, ਚੱਲੇਂਗਾ?"

"ਸਰ! ਤੁਹਾਡਾ ਕਹਿਣਾ ਮੈਂ ਕਿਵੇਂ ਮੋੜ ਸਕਨਾਂ?"

ਸ਼ਾਮ ਨੂੰ ਜਦੋਂ ਉਹ ਇਸ ਮਿਲਣੀ ਲਈ ਪਹੁੰਚੇ ਤਾਂ ਪੰਜਾਹ ਕੁ ਸਾਲਾਂ ਦੀ ਸੋਹਣੀ ਤੇ ਦਿਲਕਸ਼ ਸ਼ਖਸ਼ੀਅਤ ਵਾਲੀ ਔਰਤ ਨੇ ਸਵਾਗਤ ਕੀਤਾ। ਅੰਦਰ ਦੋ ਗਭਰੀਟ ਕੁੜੀਆਂ ਵੀ ਬੈਠੀਆਂ ਸਨ।

"ਇਹ ਮੇਰੀਆਂ ਬੇਟੀਆਂ..." ਕਹਿਕੇ ਉਹ ਕੁੜੀਆਂ ਨੂੰ ਬੋਲੀ, "ਚਲੋ ਬੇਟਾ, ਅੰਦਰ ਜਾਓ, ਮੈਂ ਅੰਕਲ ਹੋਰਾਂ ਨਾਲ ਕੁਝ ਡਿਸਕਸ ਕਰਨੈਂ"

ਬੜੇ ਆਦਰ ਤੇ ਪਿਆਰ ਨਾਲ ਵਧੀਆ ਮਹਿਮਾਨ-ਨਵਾਜ਼ੀ ਹੋਈ। ਬਖਸ਼ੀ ਸਾਹਿਬ ਨੇ ਜਾਣ-ਪਛਾਉਣ ਕਰਾਉਂਦਿਆਂ ਦੋਵਾਂ ਧਿਰਾਂ ਦੀ ਰੱਜਵੀਂ ਤਾਰੀਫ ਕੀਤੀ। ਢਿਲੋਂ ਨੇ ਉਹਨਾਂ ਦੀ ਆਪਸ ਵਿਚ ਨੇੜਤਾ ਤੇ ਖੁਲ੍ਹੇਪਨ ਨੂੰ ਮਹਿਸੂਸ ਕੀਤਾ।

ਕੁਝ ਦੇਰ ਬਾਅਦ ਢਿਲੋਂ ਨੇ ਵਾਪਿਸ ਜਾਣ ਦੀ ਇਛਾ ਪ੍ਰਗਟਾਈ ਤਾਂ ਬਖਸ਼ੀ ਸਾਹਿਬ ਬੋਲੇ, "ਤੁਸੀਂ ਚੱਲ ਕੇ ਕਾਰ 'ਚ ਬੈਠੋ, ਮੈਂ ਹੁਣੇ ਆਇਆ..."

ਬੈਠਿਆਂ ਬੈਠਿਆਂ ਅਚਾਨਕ ਢਿਲੋਂ ਨੂੰ ਸੋਫੇ ਉਤੇ ਰਹਿ ਗਏ ਆਪਣੇ ਸੈੱਲਫੋਨ ਦਾ ਚੇਤਾ ਆ ਗਿਆ। ਉਹ ਜਿਵੇਂ ਹੀ ਢੋਇਆ ਹੋਇਆ ਬੂਹਾ ਖੋਲ੍ਹ ਕੇ ਅੰਦਰ ਵੜਨ ਲੱਗਿਆ ਤਾਂ ਠਿਠਕ ਕੇ ਰੁਕ ਗਿਆ। ਅੰਦਰੋਂ ਸਿਸਕੀਆਂ ਤੇ ਰੋਣ ਦੀ ਆਵਾਜ਼ ਆ ਰਹੀ ਸੀ, ਨਾਲ ਹੀ ਬਖਸ਼ੀ ਸਾਹਿਬ ਦੇ ਤਲਖ਼ ਬੋਲ, "ਦੇਖ ਸ਼ੰਮੀ! ਤੂੰ ਸਮਝ ਕਿਉਂ ਨਹੀਂ ਰਹੀ? ਮੇਰੇ ਆਫਿਸ 'ਚ ਖੁਸਰ-ਫੁਸਰ ਹੋ ਰਹੀ ਐ, ਵਾਈਫ ਨੂੰ ਵੀ ਸੂਹ ਲੱਗ ਚੁੱਕੀ ਐ, ਜੇ ਆਪਾਂ ਏਸੇ ਤਰ੍ਹਾਂ ਚੱਲਾਂਗੇ ਤਾਂ ਵੱਡੀ ਪ੍ਰਾਬਲਮ ਹੋ ਜਾਊ, ਤੇਰੇ ਵਾਸਤੇ ਵੀ ਤੇ ਮੇਰੇ ਵਾਸਤੇ ਵੀ..."

"ਨਹੀਂ ਨਹੀਂ ਬਖਸ਼ੀ ਸਾਹਿਬ! ਹੁਣ ਤੁਸੀਂ ਮੈਨੂੰ ਪਿਆਰ ਨਹੀਂ ਕਰਦੇ, ਤੁਹਾਡਾ ਮੇਰੇ ਤੋਂ ਜੀ ਭਰ ਗਿਐ..."

"ਓ ਨਹੀਂ ਡਾਰਲਿੰਗ! ਮੈਂ ਤਾਂ ਲੋਕਾਂ ਦਾ ਮੂੰਹ ਬੰਦ ਕਰਨ ਦਾ ਇੰਤਜ਼ਾਮ... ਤੈਨੂੰ ਛੱਡ ਥੋੜ੍ਹਾ ਰਿਹਾਂ..."

ਢਿਲੋਂ ਵਾਸਤੇ ਖੜ੍ਹੇ ਰਹਿਣਾ ਮੁਸ਼ਕਿਲ ਹੋ ਗਿਆ, ਉਹ ਪੈਰ ਘੜੀਸਦਾ ਮਸਾਂ ਹੀ ਕਾਰ ਤੱਕ ਪਹੁੰਚਿਆ।

ੴ



## ਲੈਂਡਲਾਈਨ

ਆਪਣੀ ਢਾਈ ਤਿੰਨ ਸਾਲਾਂ ਦੀ ਬੱਚੀ ਇਵਾਨਾ ਨੂੰ ਗੋਦੀ 'ਚ ਲਈ ਬੈਠੀ ਤਨਿਸ਼ਕਾ ਥੱਕ ਗਈ ਸੀ। ਆਵਾਜ਼ ਪੈਣ 'ਤੇ ਉਹ ਫੋਨ ਪਰਸ ਵਿਚ ਪਾਉਂਦੀ ਕਾਹਲੀ ਨਾਲ ਅੰਦਰ ਪਹੁੰਚੀ ਤੇ ਬੈਠਦਿਆਂ ਹੀ ਬੋਲੀ, "ਡਾਕਟਰ ਸਾਹਿਬ! ਦੇਖੋ ਨਾ ਇਵਾਨਾ ਕਿੰਨੀ ਵੀਕ ਹੋ ਗਈ ਐ, ਨਾ ਕੁਝ ਖਾਂਦੀ ਐ ਨਾ ਪੀਂਦੀ ਐ, ਕੋਈ ਗੱਲਬਾਤ ਵੀ ਨਹੀਂ ਕਰਦੀ, ਖੇਡਦੀ ਵੀ ਨਹੀਂ, ਉਦਾਂ ਕੋਈ ਤਕਲੀਫ ਵੀ ਨਹੀਂ ਪਰ ਇਹ ਨਾਰਮਲ ਵੀ ਨਹੀਂ, ਕੁਝ ਸਮਝ ਨਹੀਂ ਆਉਂਦੀ..."

"ਇਹ ਕਦੋਂ ਤੋਂ ਹੈ ਇਸ ਤਰ੍ਹਾਂ?"

"ਦੋ ਤਿੰਨ ਮਹੀਨੇ ਤੋਂ, ਹੁਣ ਪਰੇਸ਼ਾਨੀ ਵਧ ਗਈ ਐ"

"ਕੀ ਇਹ ਰੋਂਦੀ ਜਾਂ ਜ਼ਿਦ ਕਰਦੀ ਐ ਕਿਸੇ ਚੀਜ਼ ਵਾਸਤੇ?"

"ਜੀ ਬਸ ਰੋਈ ਜਾਂਦੀ ਐ"

"ਜਦੋਂ ਇੰਝ ਹੁੰਦੈ ਤਾਂ ਤੁਸੀਂ ਕੀ ਕਰਦੇ ਓ?"

"ਇਹਨੂੰ ਫੋਨ ਫੜਾ ਦਿੰਨੇ ਆਂ ਜਾਂ ਆਈਪੈਡ ਮੂਹਰੇ ਬਿਠਾ ਦਿੰਨੇ ਆਂ, ਫਿਰ ਸ਼ਾਂਤ ਹੋ ਜਾਂਦੀ ਐ, ਖੁਆਉਣ-ਪਿਉਣ ਵੇਲੇ ਜਾਂ ਪੌਟੀ ਵੇਲੇ ਵੀ ਇਹੋ ਕੁਝ ਕਰਨਾ ਪੈਂਦੈ..."

"ਇਹ ਸਿਲਸਿਲਾ ਕਦੋਂ ਸ਼ੁਰੂ ਹੋਇਆ?"

ਮੱਥੇ ਨੂੰ ਮਲ਼ਦੀ ਤਨਿਸ਼ਕਾ ਜੱਕਾਂ-ਤੱਕਾਂ 'ਚ ਫਸੀ ਬੋਲੀ, "ਜਦੋਂ ਇਹ ਛੇ ਕੁ ਮਹੀਨੇ ਦੀ ਸੀ, ਇਹਨੂੰ ਦੁੱਧ ਚੁੰਘਾਉਂਦੀ ਮੈਂ ਫੋਨ 'ਤੇ ਮੈਸੇਜ ਵੀਡੀਓ ਵਗੈਰਾ ਦੇਖਦੀ ਹੁੰਦੀ ਸੀ, ਉਸ ਵੇਲੇ ਵੀ ਇਹ ਦੁੱਧ ਛੱਡ ਕੇ ਮੇਰੇ ਨਾਲ ਫੋਨ ਦੇਖਣ ਲੱਗ ਜਾਂਦੀ ਸੀ, ਮੈਂ ਤੇ ਮੇਰਾ ਹਸਬੈਂਡ ਬਹੁਤ ਹੱਸਦੇ ਹੁੰਦੇ ਸੀ"

ਗੰਭੀਰ ਹੋਏ ਡਾਕਟਰ ਸਾਹਿਬ ਕਹਿਣ ਲੱਗੇ, "ਮਾਮਲਾ ਸੀਰੀਅਸ ਹੈ, ਇਹਨੂੰ ਵੀਡੀਓ ਦੇਖਣ ਦੀ ਐਡਿਕਸ਼ਨ ਹੋ ਗਈ ਐ, ਬਹੁਤ ਛੋਟੀ ਉਮਰੇ ਐਡਿਕਸ਼ਨ ਹੋਣ ਨਾਲ ਬੱਚੇ ਦੀ ਡਿਵੈਲਪਮੈਂਟ ਗੜਬੜਾ ਜਾਂਦੀ ਐ, ਨਾ ਕਿਸੇ ਖਾਣ ਵਾਲੀ ਚੀਜ਼ ਦਾ ਸੁਆਦ ਡਿਵੈਲਪ ਹੁੰਦੈ, ਨਾ ਰੈਗੂਲਰ ਭੁੱਖ ਲੱਗਦੀ ਐ ਤੇ ਨਾ ਹੀ ਸ਼ੋਸ਼ਲ ਡਿਵੈਲਪਮੈਂਟ ਹੁੰਦੀ ਐ, ਬੱਚਾ ਕਿਸੇ ਨਾਲ ਖੇਡਦਾ ਵੀ ਨਹੀਂ, ਗੱਲ ਵੀ ਨਹੀਂ ਕਰਦਾ, ਬਸ ਆਪਣੀ ਐਡਿਕਸ਼ਨ ਦੇ ਵੱਸ..."

"ਓ ਮਾਈ ਗੌਡ!... ਹੁਣ ਕੀ ਕਰੀਏ?"

"ਇਸ ਬੱਚੀ ਤੋਂ ਪਹਿਲਾਂ ਤੁਹਾਡਾ ਇਲਾਜ ਕਰਨਾ ਪਏਗਾ, ਘਰ 'ਚੋਂ ਸਾਰੇ ਮੋਬਾਈਲ, ਆਈਪੈਡ ਵਗੈਰਾ ਕੱਢ ਦਿਓ, ਬੱਚੀ ਇਹਨਾਂ ਦੀ ਰੇਡੀਏਸ਼ਨ ਦੇ ਮਾੜੇ ਇਫੈਕਟਸ ਤੋਂ ਵੀ ਬਚੇਗੀ, ਲੈਂਡਲਾਈਨ ਲਵਾ ਲਓ"

"ਡਾਕਟਰ! ਇਹ ਤਾਂ ਇੰਪੌਸੀਬਲ ਲੱਗਦੈ"

"ਦੇਖ ਲਓ! ਇੰਪੌਸੀਬਲ ਤਾਂ ਕੁਝ ਵੀ ਨਹੀਂ, ਫਿਰ ਆਪਣੇ ਬੱਚੇ ਦੀ ਖਾਤਿਰ..."

ਡਾਕਟਰ ਨੇ ਅਗਲੇ ਮਰੀਜ਼ ਵਾਸਤੇ ਘੰਟੀ ਵਜਾ ਦਿੱਤੀ।

ੴ



## ਬਾਪੂ ਤੇਰੇ ਦੇਸ਼ ਵਿਚ...

"ਬਾਬੂ ਰੋਟੀ! ਬਾਬੂ ਭੁਖ..."

ਸ਼ਹਿਰ ਦੀ ਬਾਹਰਲੀ ਸੜਕ ਉਤੇ ਸੈਰ ਕਰਦੇ ਪ੍ਰਭਜੀਤ ਨੂੰ ਦੇਖਦਿਆਂ ਹੀ ਇਕ ਮਾੜਚੂ ਜਿਹੀ ਔਰਤ ਜ਼ੋਰ ਜ਼ੋਰ ਦੀ ਆਪਣੇ ਢਿੱਡ ਉਤੇ ਹੱਥ ਮਾਰਨ ਲੱਗੀ। ਪਾਟੇ ਪੁਰਾਣੇ ਕਪੜਿਆਂ ਵਿਚੋਂ ਝਾਕਦਾ ਅੱਧਨੰਗਾ ਸਰੀਰ, ਕਾਲ਼ਾ ਸ਼ਾਹ ਰੰਗ, ਇਕ ਲੱਤ ਬਹੁਤ ਹੀ ਮੋਟੀ ਤੇ ਧੂੜ ਨਾਲ ਲਿੱਬੜੀ, ਵਿਚੋਂ ਖ਼ੂਨ ਰਿਸ ਰਿਹਾ, ਮੱਖੀਆਂ ਭਿਣਭਿਣਾ ਰਹੀਆਂ, ਬਦਬੂ ਆ ਰਹੀ। ਤਰਸ ਖਾ ਕੇ ਪ੍ਰਭਜੀਤ ਨੇ ਨੇੜਲੇ ਠੇਕੇ ਕੋਲ ਦੇ ਢਾਬੇ ਤੋਂ ਬਰੈਡ-ਪਕੌੜੇ ਲਿਆ ਕੇ ਦੇ ਦਿੱਤੇ। ਉਹ ਹਾਬੜਿਆਂ ਵਾਂਗ ਖਾਣ ਲੱਗੀ, ਪ੍ਰਭਜੀਤ ਨੇ ਉਹਦੇ ਪਤੇ-ਟਿਕਾਣੇ ਬਾਰੇ ਪੁਛਿਆ ਤਾਂ ਉਹ ਅਣਗੌਲਿਆਂ ਕਰਕੇ ਖਾਣ ਵਿਚ ਰੁੱਝੀ ਰਹੀ। ਦਰਦਮੰਦ ਪ੍ਰਭਜੀਤ ਉਹਨੂੰ ਇੰਜ ਛੱਡ ਕੇ ਨਹੀਂ ਜਾ ਸਕਦਾ ਸੀ। ਉਹਨੇ ਇਕ ਸਮਾਜਸੇਵੀ ਸੰਸਥਾ ਨਾਲ ਸੰਪਰਕ ਕੀਤਾ, ਸਹਿਮਤੀ ਮਿਲਣ 'ਤੇ ਘਰੋਂ ਗੱਡੀ ਲਿਆ ਕੇ ਉਹਨੂੰ ਵਿਚ ਪਾ ਕੇ ਲਿਜਾਣ ਲੱਗਿਆ ਤਾਂ ਕੁਝ ਸੋਚਦਾ ਹੋਇਆ ਪਹਿਲਾਂ ਥਾਣੇ ਵੱਲ ਹੋ ਤੁਰਿਆ। ਥਾਣਾ-ਇੰਚਾਰਜ ਨੂੰ ਉਸ ਦੁਖਿਆਰੀ ਨੂੰ ਦਿਖਾ ਕੇ ਬੋਲਿਆ, "ਇਹਨੂੰ ਮੈਂ 'ਭਗਤ ਪੂਰਨ ਸਿੰਘ ਰੋਗ-ਨਿਵਾਰਨ ਸੰਸਥਾ' ਵਿਚ ਲੈ ਚੱਲਿਆਂ, ਕੋਈ ਇਹਦੇ ਬਾਰੇ ਪੁਛੇ ਤਾਂ ਮੇਰੇ ਜਾਂ ਸੰਸਥਾ ਦੇ ਨੰਬਰ 'ਤੇ ਸੰਪਰਕ ਕਰ ਲਿਓ..."

ਨੱਕ-ਮੂੰਹ ਢਕਦਾ ਇੰਚਾਰਜ ਬੋਲਿਆ, "ਲੈ ਜਾ, ਲੈ ਜਾ, ਇਹਨੇ ਤਾਂ ਇਲਾਕੇ 'ਚ ਗੰਦ ਪਾਇਆ ਹੋਇਐ, ਠੇਕੇ 'ਤੇ ਲੋਕ ਇਹਦੇ ਪਿਛੇ ਲੜਦੇ ਤੇ ਵਖਤ ਸਾਨੂੰ ਪਿਆ ਰਹਿੰਦਾ, ਹੋਰ ਤਾਂ ਹੋਰ ਇਹਦੇ ਮਰੇ ਬੱਚੇ ਬਾਰੇ ਪੈਂਦਾ ਰੌਲਾ ਮਸਾਂ ਸ਼ਾਂਤ ਕਰਾਇਆ, ਪਤਾ ਨਹੀਂ ਇਹ ਗੰਦ ਕਿਥੋ ਸਾਡੇ ਪੱਲੇ ਪੈ ਗਿਆ..."

ਕੁਝ ਦਿਨਾਂ ਬਾਅਦ ਪ੍ਰਭਜੀਤ ਉਸ ਸੰਸਥਾ ਵਿਚ ਗਿਆ ਤਾਂ ਪਤਾ ਲੱਗਿਆ ਕਿ ਉਸ ਔਰਤ ਨੂੰ ਫਾਇਲੇਰੀਏਸਿਸ ਨਾਂ ਦੀ ਬੀਮਾਰੀ ਹੈ ਤੇ ਯਾਦਾਸ਼ਤ ਵੀ ਕਿਸੇ ਸਦਮੇ ਕਰ ਕੇ ਖਤਮ ਹੋ ਗਈ ਹੈ, ਇਲਾਜ ਹੋ ਰਿਹੈ।

ਕਾਫੀ ਅਰਸੇ ਬਾਦ ਪ੍ਰਭਜੀਤ ਫਿਰ ਉਹਦਾ ਹਾਲ ਪੁੱਛਣ ਗਿਆ ਤਾਂ ਪ੍ਰਬੰਧਕਾਂ ਨੇ ਦੱਸਿਆ ਕਿ ਉਸਦੀ ਯਾਦਾਸ਼ਤ ਵਾਪਿਸ ਆ ਗਈ ਸੀ, ਉਸਦੇ

ਮਾਪੇ ਉਹਨੂੰ ਲੈ ਗਏ ਹਨ। ਉਸ ਵਿਚਾਰੀ ਨੇ ਦੱਸਿਆ ਸੀ ਕਿ ਉਹਦਾ ਪਤੀ ਉੜੀਸਾ ਤੋਂ ਏਥੋਂ ਦੇ ਵੱਡੇ ਹਸਪਤਾਲ ਉਹਨੂੰ ਇਲਾਜ ਲਈ ਲਿਆਇਆ ਸੀ, ਜਦੋਂ ਡਾਕਟਰਾਂ ਨੇ ਏਡੀ ਗੰਭੀਰ ਹਾਲਤ ਵਿਚ ਪੁੱਜੀ ਬੀਮਾਰੀ ਨੂੰ ਲਾਇਲਾਜ ਦੱਸਿਆ ਤਾਂ ਉਹ ਇਸ ਨੂੰ ਸੜਕ 'ਤੇ ਹੀ ਛੱਡ ਕੇ ਚਲਿਆ ਗਿਆ ਸੀ।

ੴ



## ਤਿਊੜੀਆਂ

ਮੇਜਰ ਸਿੰਘ ਨੂੰ ਕੈਨੇਡਾ ਤੋਂ ਪਰਤਿਆਂ ਅਜੇ ਦੋ ਦਿਨ ਹੀ ਹੋਏ ਸਨ। ਉਹ ਵਿਹੜੇ ਵਿਚ ਕੁਰਸੀ ਡਾਹੀ ਅਖਬਾਰ ਪੜ੍ਹ ਰਿਹਾ ਸੀ ਕਿ ਪਰਲੇ ਅਗਵਾੜ ਤੋਂ ਪਰਗਟ ਸਿੰਘ ਨੇ ਕੁੰਡਾ ਆ ਖੜਕਾਇਆ, "ਚਾਚਾ! ਘਰੇ ਈ ਐਂ ?"

"ਲੰਘ ਆ ਪਰਗਟ ਸਿਆਂਹ, ਲੰਘ ਆ"

"ਸਫ਼ਰ ਦੀ ਥਕਾਵਟ ਲਹਿ ਗਈ ?" ਉਹ ਕੋਲ ਪਏ ਮੰਜੇ ਉਤੇ ਬਹਿੰਦਾ ਬੋਲਿਆ।

"ਹਾਂ ਭਤੀਜ! ਹੁਣ ਤਾਂ ਫੰਨੇ ਆਂ..."

ਰਸਮੀ ਜਿਹੀਆਂ ਗੱਲਾਂ ਤੋਂ ਬਾਅਦ ਮੇਜਰ ਸਿੰਘ ਨੇ ਪਰਗਟ ਸਿੰਘ ਦੇ ਭਰਾ ਅਤੇ ਪਰਿਵਾਰ ਦੀ ਗੱਲ ਤੋਰ ਲਈ, "ਬੜੇ ਮਿਲਾਪੜੇ ਤੇ ਮੋਹਖੋਰੇ ਨੇ ਬਈ ਦਿਲਦਾਰ ਹੋਰੀਂ, ਮੈਨੂੰ ਦੇਖ ਕੇ ਚਾਅ ਈ ਚੜ੍ਹ ਗਿਆ"

ਪਰਗਟ ਅਜੀਬ ਜਿਹੀਆਂ ਨਜ਼ਰਾਂ ਨਾਲ ਦੇਖਦਾ ਬੋਲਿਆ, "ਚਾਚਾ ਬੜੀ ਹੈਰਾਨੀ ਵਾਲੀ ਗੱਲ ਐ, ਮੈਂ ਤਾਂ ਸੋਚਦਾਂ ਕਨੇਡਾ ਜਾ ਕੇ ਲੋਕਾਂ ਦਾ ਲਹੂ ਈ ਚਿੱਟਾ ਹੋ ਜਾਂਦੈ, ਮੋਹ ਪਿਆਰ ਤਾਂ ਕਿਤੇ ਰਿਹਾ, ਮੈਨੂੰ ਤਾਂ ਆਪਣੇ ਭਰਾ ਦੀਆਂ ਗੱਲਾਂ ਤੋਂ ਏਹੋ ਲੱਗਿਆ ਸੀ ਜਦੋਂ ਉਹ ਪਰੂੰ ਏਥੇ ਆਇਆ ਸੀ"

"ਨਹੀਂ ਪਰਗਟ! ਉਹ ਤਾਂ ਤੈਨੂੰ ਮੋਹ ਈ ਬਾਹਲਾ ਕਰਦੈ, ਥੋਡੀਆਂ ਗੱਲਾਂ ਕਰਦੇ ਦੀਆਂ ਅੱਖਾਂ ਭਰ ਆਈਆਂ ਸੀ"

"ਮੈਂ ਕਿਵੇਂ ਮੰਨ ਲਵਾਂ ਚਾਚਾ ਸਿਆਂਹ ? ਐਤਕੀਂ ਜਦ ਉਹ ਆਇਆ ਤਾਂ ਜ਼ਮੀਨ ਵੰਡ ਕੇ ਆਵਦੇ ਹਿੱਸੇ ਵਾਲੀ ਵੇਚਣ ਬਾਰੇ ਕਹਿੰਦਾ ਸੀ, ਇਹ ਕੋਈ ਮੋਹ ਪਿਆਰ ਆਲ਼ੀ ਗੱਲ ਐ ?"

"ਏਸੇ ਗੱਲ ਦਾ ਝੋਰਾ ਤਾਂ ਉਹਨੂੰ ਵੀ ਐ ਪਰਗਟਾ! ਤੂੰ ਰੁੱਖਾ ਜਿਹਾ ਜਵਾਬ ਦਿੱਤਾ ਹੋਣੈ ਤੇ ਉਹ ਨਿਰਾਸ਼ ਉਦਾਸ ਮੁੜ ਗਿਆ ਹੋਣੈ, ਉਹਦਾ ਟੱਬਰ ਵੀ ਕਹਿੰਦਾ ਸੀ ਬਈ ਏਨੇ ਸਾਲਾਂ ਤੋਂ ਤਾਇਆ ਜ਼ਮੀਨ ਵਾਹ ਰਿਹੈ, ਅਸੀਂ ਕਦੇ ਠੇਕੇ ਮਾਮਲੇ ਬਾਰੇ ਨੀ ਪੁਛਿਆ, ਉਹ ਪਿੰਡ ਵਧੀਆ ਕੋਠੀ ਬਣਾ ਕੇ ਮੌਜਾਂ ਕਰ ਰਿਹੈ ਤੇ ਅਸੀਂ ਜੀਓ-ਜੀਅ ਏਥੇ ਮਾਰਟਗੇਜਾਂ ਭਰਨ ਲਈ ਹੱਡ ਘਸਾਉਨੇ ਆਂ..."

ਪਰਗਟ ਦੇ ਮੱਥੇ ਦੀਆਂ ਤਿਊੜੀਆਂ ਹੋਰ ਗੂੜ੍ਹੀਆਂ ਹੋ ਗਈਆਂ।

# ਚੇਤਿਆਂ 'ਚੋਂ ਮਨਫ਼ੀ ਮਾਂ

ਮਾਂ-ਦਿਵਸ ਅਤੇ ਐਤਵਾਰ ਇਕੋ ਦਿਨ ਹੋਣ ਕਰਕੇ ਅੰਸ਼ੁਮਨ-ਪਰਿਵਾਰ ਨੇ ਖ਼ੂਬ ਮੌਜ ਮਸਤੀ ਕੀਤੀ। ਬੱਚਿਆਂ ਅਤੇ ਅੰਸ਼ੁਮਨ ਨੇ ਵਧੀਆ ਵਧੀਆ ਤੋਹਫੇ ਸ੍ਰੀ ਮਤੀ ਅੰਸ਼ੁਮਨ ਨੂੰ ਦਿੱਤੇ, ਉਹਨੂੰ ਸਾਰਾ ਦਿਨ ਰਸੋਈ ਵਿੱਚ ਨਾ ਵੜਨ ਦਿੱਤਾ, ਪਿਕਨਿਕ... ਲੰਚ ਤੇ ਸ਼ਾਮੀਂ ਡਿਨਰ... ਅੱਜ ਦਾ ਦਿਨ ਇਕ ਯਾਦਗਾਰੀ ਦਿਨ ਹੋ ਨਿੱਬੜਿਆ ਸੀ। ਘਰ ਪਹੁੰਚ ਕੇ ਬੱਚੇ ਆਪਣੇ ਆਪਣੇ ਮੋਬਾਈਲ ਫੋਨਾਂ 'ਤੇ ਖਿੱਚੀਆਂ ਤਸਵੀਰਾਂ ਇਕ ਦੂਜੇ ਨੂੰ ਦਿਖਾ ਕੇ ਹੱਸ ਰਹੇ ਸੀ... ਰੌਲਾ ਪਾ ਰਹੇ ਸੀ। ਥਕਾਨ ਕਰਕੇ ਅੰਸ਼ੁਮਨ ਨੇ ਅਜੇ ਬੈੱਡ 'ਤੇ ਪਿੱਠ ਹੀ ਲਾਈ ਸੀ ਕਿ ਫੋਨ ਦੀ ਘੰਟੀ ਸੁਣ ਕੇ ਚੌਂਕਿਆ... ਇੰਡੀਆ ਤੋਂ ਫੋਨ ਸੀ, ਮਾਂ ਦਾ, "ਹੈਲੋ! ਆਂਸ਼ੂ ਬੋਲਦਾਂ ਪੁੱਤ? ਸੁਣਾ ਕੀ ਹਾਲ ਐ? ਸਿਹਤ ਠੀਕ ਐ ਨਾ? ਹੋਰ ਸਾਰਾ ਲਾਣਾ ਤਕੜਾ ਐ?"

ਮਾਂ ਇਕੋ ਸਾਹ ਬੋਲੀ ਜਾ ਰਹੀ ਸੀ। ਅੰਸ਼ੁਮਨ ਨੂੰ ਸ਼ਬਦ ਨਹੀਂ ਔੜ ਰਹੇ ਸਨ, "ਤੇਰੀ ਤਬੀਅਤ ਕਿਵੇਂ ਹੈ ਮਾਂ? ਠੀਕ ਹੈਂ ਨਾ?... ਐਸ ਵੇਲੇ...? ਰਾਤ ਦੇ ਤਿੰਨ ਵੱਜ ਗਏ ਹੋਣੇ ਐ..."

"ਬੱਸ ਪੁੱਤ! ਤੇਰੀ 'ਵਾਜ ਸੁਣ ਕੇ ਠੰਢ ਪੈ'ਗੀ..."

"ਮਾਂ! ਅੱਜ ਸਾਰਾ ਦਿਨ ਤੈਨੂੰ ਈ ਯਾਦ... ਮਦਰਜ਼-ਡੇ ਹੈ ਨਾ?... ਸੱਚ ਸਾਡਾ ਕਾਰਡ ਮਿਲ ਗਿਆ ਸੀ? ਟੀਨਾ ਤੇ ਬੌਬੀ ਨੇ ਬੜੇ ਚਾਅ ਨਾਲ ਪਾਇਆ ਸੀ..."

"ਆਹੋ ਅੰਸ਼ੂ ਪੁੱਤ! ਕਾਰਡ ਤਾਂ ਮਿਲ ਗਿਆ... ਅੱਜ ਸਾਰਾ ਦਿਨ ਟੀ.ਵੀ. 'ਤੇ ਵੀ ਵਧਾਈਆਂ ਆਉਂਦੀਆਂ ਰਹੀਆਂ, ਮੈਂ ਮੁੜ ਮੁੜ ਕੇ ਫੋਨ ਵੱਲ ਦੇਖਦੀ ਰਹੀ, ਥੋੜ੍ਹਾ ਫ਼ਿਕਰ ਵੀ ਹੋ ਗਿਆ, ਆਥਣ ਦੀ ਖੋਹ ਜਿਹੀ ਪਈ ਜਾਂਦੀ ਐ... ਨੀਂਦ ਤਾਂ ਜਮ੍ਹਾ ਈ ਨਹੀਂ ਆ ਰਹੀ..."

"ਕੀ ਦੱਸਾਂ ਮਾਂ! ਸਾਰਾ ਦਿਨ ਜੁਆਕਾਂ ਨੇ ਕਮਲ਼ ਪਾਈ ਰੱਖਿਆ, ਫੋਨ ਕਰਨ ਦਾ ਖਿਆਲ ਈ ਨਹੀਂ ਆਇਆ..."

"ਚੰਗਾ ਪੁੱਤ! ਰੱਖਦੀ ਆਂ, ਹੁਣ ਤਾਂ ਲੰਡਨ 'ਚ ਵੀ ਰਾਤ ਪੈ ਗਈ ਹੋਣੀ ਐ..."